Original Article
ISSN (Online): 2582-7472

ShodhKosh: Journal of Visual and Performing Arts
March 2024 5(3), 1852–1861

# THE CONCEPT OF JIWAN MUKTI IN THE HYMNS OF GURU ARJAN DEV JI, ‘SUKHMANI SAHIB’ AND ‘SALOK SAHASKRITI’

# ਗੁਰੂ ਅਰਜਨ ਦੇਵ ਜੀ ਦੀ ਬਾਣੀ ‘ਸੁਖਮਨੀ ਸਾਹਿਬ’ ਅਤੇ ‘ਸਲੋਕ ਸਹਸਕ੍ਰਿਤੀ’ ਵਿਚ ਜੀਵਨ ਮੁਕਤੀ ਦਾ ਸੰਕਲਪ

Kamaljeet Kaur [1], Dr. Kanwajeet Kaur [2]

[1] Researcher, Punjabi Department, Tantia University, Sri Ganganagar, Rajasthan, India
[2] Supervisor, Punjabi Department, Tantia University, Sri Ganganagar, Rajasthan, India

**DOI**
10.29121/shodhkosh.v5.i3.2024.5626

**Funding:** This research received no specific grant from any funding agency in the public, commercial, or not-for-profit sectors.

**Copyright:** © 2024 The Author(s). This work is licensed under a Creative Commons Attribution 4.0 International License.

With the license CC-BY, authors retain the copyright, allowing anyone to download, reuse, re-print, modify, distribute, and/or copy their contribution. The work must be properly attributed to its author.

## ABSTRACT

**English:** Gurmati poetry is the name of a powerful ideology that emerged under the Bhakti movement. Which began with the advent of Guru Nanak Dev Ji. In this ideology, apart from the Guru poets, the ideas of 30 other saints, devotees and great men are considered. In the thirteenth and fourteenth centuries, when the Bhakti movement emerged in India, Indian society was entangled in the illusion of ritual and caste division. The condition of the people was very pitiful. Shudras were treated worse than dogs. A dog could climb a well, but a Shudra was not allowed to climb it. Even his shadow was considered bad. People from the lower caste, Akhoti, were not allowed to enter temples. They could not read the Vedas, nor could they worship, and they were not even allowed to chant the name of God.

**Hindi:** ਗੁਰਮਤਿ ਕਾਵਿ ਧਾਰਾ ਭਗਤੀ ਲਹਿਰ ਅਧੀਨ ਉਭਰੀ ਇੱਕ ਸ਼ਕਤੀਸ਼ਾਲੀ ਵਿਚਾਰਧਾਰਾ ਦਾ ਨਾਮ ਹੈ। ਜਿਸ ਦਾ ਆਰੰਭ ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਹੋਇਆ। ਇਸ ਵਿਚਾਰਧਾਰਾ ਵਿੱਚ ਗੁਰੂ ਕਵੀਆਂ ਤੋਂ ਇਲਾਵਾ 30 ਹੋਰ ਸੰਤਾਂ, ਭਗਤਾ ਤੇ ਮਹਾਂਪੁਰਖਾਂ ਦੇ ਵਿਚਾਰਾਂ ਨੂੰ ਮਾਨਦਾ ਪ੍ਰਾਪਤ ਹੈ। ਤੇਰਵੀਂ ਚੌਦਵੀਂ ਸਦੀ ਵਿੱਚ ਜਦੋਂ ਭਾਰਤ ਵਿੱਚ ਭਗਤੀ ਲਹਿਰ ਦਾ ਉਦਭਵ ਹੋਇਆ, ਭਾਰਤੀ ਸਮਾਜ ਕਰਮ ਕਾਂਡ ਅਤੇ ਵਰਨ ਵੰਡ ਦੇ ਭਰਮ ਜਾਲ ਵਿੱਚ ਉਲਝਿਆ ਹੋਇਆ ਸੀ। ਜਨਤਾ ਦੀ ਹਾਲਤ ਬਹੁਤ ਤਰਸਯੋਗ ਸੀ। ਸ਼ੁਦਰ ਨਾਲ ਕੁੱਤਿਆਂ ਨਾਲੋਂ ਵੀ ਮਾੜਾ ਵਰਤਾਉ ਹੁੰਦਾ ਸੀ। ਇੱਕ ਕੁੱਤਾ ਤਾਂ ਖੂਹ ਤੇ ਚੜ ਸਕਦਾ ਸੀ ਪਰ ਸ਼ੂਦਰ ਨੂੰ ਚੜਨ ਦੀ ਆਗਿਆ ਨਹੀਂ ਸੀ। ਉਸ ਦਾ ਪਰਛਾਵਾਂ ਵੀ ਮਾੜਾ ਮੰਨਿਆ ਜਾਂਦਾ ਸੀ। ਅਖੋਤੀ ਛੋਟੀ ਜਾਤ ਦੇ ਲੋਕਾਂ ਨੂੰ ਮੰਦਰਾਂ ਵਿੱਚ ਵੜਨ ਦੀ ਆਗਿਆ ਨਹੀਂ ਸੀ। ਉਹ ਵੇਦ ਨਹੀਂ ਪੜ ਸਕਦੇ ਸਨ ਨਾ ਹੀ ਉਹ ਪੂਜਾ ਕਰ ਸਕਦੇ ਸਨ ਉਹਨਾਂ ਲਈ ਪਰਮਾਤਮਾ ਦਾ ਨਾਮ ਜਪਣ ਦੀ ਵੀ ਮਨਾਹੀ ਸੀ।

OPEN ACCESS

## ਜਾਣ-ਪਛਾਣ -

ਗੁਰਮਤਿ ਕਾਵਿ ਧਾਰਾ ਭਗਤੀ ਲਹਿਰ ਅਧੀਨ ਉਭਰੀ ਇੱਕ ਸ਼ਕਤੀਸ਼ਾਲੀ ਵਿਚਾਰਧਾਰਾ ਦਾ ਨਾਮ ਹੈ। ਜਿਸ ਦਾ ਆਰੰਭ ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਹੋਇਆ। ਇਸ ਵਿਚਾਰਧਾਰਾ ਵਿੱਚ ਗੁਰੂ ਕਵੀਆਂ ਤੋਂ ਇਲਾਵਾ 30 ਹੋਰ ਸੰਤਾਂ, ਭਗਤਾ ਤੇ ਮਹਾਂਪੁਰਖਾਂ ਦੇ ਵਿਚਾਰਾਂ ਨੂੰ ਮਾਨਦਾ ਪ੍ਰਾਪਤ ਹੈ। ਤੇਰਵੀਂ ਚੌਦਵੀਂ ਸਦੀ ਵਿੱਚ ਜਦੋਂ ਭਾਰਤ ਵਿੱਚ ਭਗਤੀ ਲਹਿਰ ਦਾ ਉਦਭਵ ਹੋਇਆ, ਭਾਰਤੀ ਸਮਾਜ ਕਰਮ ਕਾਂਡ ਅਤੇ ਵਰਨ ਵੰਡ ਦੇ ਭਰਮ ਜਾਲ ਵਿੱਚ ਉਲਝਿਆ ਹੋਇਆ ਸੀ। ਜਨਤਾ ਦੀ ਹਾਲਤ ਬਹੁਤ ਤਰਸਯੋਗ ਸੀ। ਸ਼ੁਦਰ ਨਾਲ ਕੁੱਤਿਆਂ ਨਾਲੋਂ ਵੀ ਮਾੜਾ ਵਰਤਾਉ ਹੁੰਦਾ ਸੀ। ਇੱਕ ਕੁੱਤਾ ਤਾਂ ਖੂਹ ਤੇ ਚੜ ਸਕਦਾ ਸੀ ਪਰ ਸ਼ੂਦਰ ਨੂੰ ਚੜਨ

ਦੀ ਆਗਿਆ ਨਹੀਂ ਸੀ। ਉਸ ਦਾ ਪਰਛਾਵਾਂ ਵੀ ਮਾੜਾ ਮੰਨਿਆ ਜਾਂਦਾ ਸੀ। ਅਖੋਤੀ ਛੋਟੀ ਜਾਤ ਦੇ ਲੋਕਾਂ ਨੂੰ ਮੰਦਰਾਂ ਵਿੱਚ ਵੜਨ ਦੀ ਆਗਿਆ ਨਹੀਂ ਸੀ। ਉਹ ਵੇਦ ਨਹੀਂ ਪੜ ਸਕਦੇ ਸਨ ਨਾ ਹੀ ਉਹ ਪੂਜਾ ਕਰ ਸਕਦੇ ਸਨ ਉਹਨਾਂ ਲਈ ਪਰਮਾਤਮਾ ਦਾ ਨਾਮ ਜਪਣ ਦੀ ਵੀ ਮਨਾਹੀ ਸੀ।

ਸਾਰੀ ਜਨਤਾ ਦੋ ਕੌਮਾਂ ਵਿੱਚ ਵੰਡੀ ਹੋਈ ਸੀ-ਹਿੰਦੂ ਤੇ ਮੁਸਲਮਾਨ। ਹਿੰਦੂ, ਮੁਸਲਮਾਨ ਨੂੰ ਮਲੇਛ ਸਮਝਦਾ ਸੀ ਤੇ ਮੁਸਲਮਾਨ ਹਿੰਦੂ ਨੂੰ ਕਾਫਰ। ਦੋਵੇਂ ਇੱਕ ਦੂਜੇ ਨਾਲ ਨਫਰਤ ਕਰਦੇ ਸਨ। ਹਿੰਦੂ ਧਰਮ ਵਿੱਚ ਬ੍ਰਾਹਮਣ ਪ੍ਰਧਾਨ ਸਨ ਜਿਨਾਂ ਨੇ ਆਪਣੇ ਹਿੱਤ ਲਈ ਰੱਬ ਦੇ ਨਾਮ ਤੇ ਬਹੁਤ ਸਾਰੇ ਕਰਮ ਕਾਂਡ ਪ੍ਰਚਲਿਤ ਕਰ ਦਿੱਤੇ ਸਨ। ਫਲ ਸਵਰੂਪ ਅਨੇਕਾਂ ਦੇਵੀ ਦੇਵਤਿਆਂ ਦੇ ਬੁੱਤ ਬਣਾ ਕੇ ਉਹਨਾਂ ਦੀ ਪੂਜਾ ਹੋਣ ਲੱਗ ਪਈ ਸੀ। ਇਹਨਾਂ ਦੇਵੀ ਦੇਵਤਿਆਂ ਦੀ ਸੰਖਿਆ ਵੱਧ ਦੀਆਂ ਵੱਧਦੀਆਂ ਕਈ ਕਰੋੜਾਂ ਤੱਕ ਪਹੁੰਚ ਗਈ ਤੇ ਲੋਕ ਇੱਕ ਰੱਬ ਨੂੰ ਭੁੱਲ ਗਏ ਸਨ । ਉਸ ਵੇਲੇ ਇਸਲਾਮ ਧਰਮ ਵਾਲੇ ਰੱਬ ਦੇ ਇੱਕ ਹੋਣ ਤੇ ਭਰੋਸਾ ਰੱਖਦੇ ਸਨ ਪਰ ਉਨਾਂ ਦਾ ਵਿਸ਼ਵਾਸ ਸੀ ਕਿ ਹਿੰਦੂ ਰਹਿ ਕੇ ਇਨਸਾਨ ਦੀ ਰੂਹ ਖੁਦਾ ਦੇ ਦਰ ਤੇ ਕਬੂਲ ਨਹੀਂ ਪੈ ਸਕਦੀ ਇਸ ਲਈ ਮੁਸਲਮਾਨ ਜਦੋਂ ਵੀ ਕਿਸੇ ਦੇਸ਼ ਵਿੱਚ ਤਾਕਤ ਵਿੱਚ ਆਏ ਉਹਨਾਂ ਨੇ ਗੈਰ ਮੁਸਲਮਾਨ ਲੋਕਾਂ ਨੂੰ ਧੱਕੇ ਨਾਲ ਮੁਸਲਮਾਨ ਬਣਾਉਣ ਵਿੱਚ ਕੋਈ ਕਸਰ ਨਹੀਂ ਛੱਡੀ।

ਗੁਰੂ ਨਾਨਕ ਅਤੇ ਇਸਲਾਮ ਦੇ ਏਕੇ ਵਿੱਚ ਇਹੋ ਫਰਕ ਹੈ ਕਿ ਗੁਰੂ ਨਾਨਕ ਦਾ ਰੱਬ ਕਿਸੇ ਇੱਕ ਸ਼੍ਰੇਣੀ ਦਾ ਯਾਰ ਮਦਦਗਾਰ ਨਹੀਂ ਸਗੋਂ ਸਭ ਦਾ ਸਾਂਝਾ ਹੈ। ਗੁਰੂ ਨਾਨਕ ਦੇਵ ਜੀ ਨੇ ਸਰਬ ਸਾਂਝੇ ਏਕੇ ਤੇ ਵਿਸ਼ਵਾਸ ਦਾ ਝੰਡਾ ਉੱਚਾ ਚੁੱਕਿਆ ਅਤੇ ਸਭ ਨੂੰ ਇਹ ਦ੍ਰਿੜ ਕਰਾਇਆ ਕਿ ਸਭ ਦਾ ਸਾਂਝਾ ਰੱਬ ਇੱਕ ਹੈ-

ਤੂੰ ਸਾਝਾ ਸਾਹਿਬੁ ਬਾਪੁ ਹਮਾਰਾ ॥

ਨਉ ਨਿਧਿ ਤੇਰੈ ਅਖੁਟ ਭੰਡਾਰਾ ॥

ਜਿਸੁ ਤੂੰ ਦੇਹਿ ਸੁ ਤ੍ਰਿਪਤਿ ਅਘਾਵੈ ਸੋਈ ਭਗਤੁ ਤੁਮਾਰਾ ਜੀਉ ॥ (ਮਾਝ ਮਹਲਾ -5 ਅੰਗ 97)

ਜੋ ਪਹਿਲਾ ਵੀ ਇੱਕ ਸੀ, ਹੁਣ ਵੀ ਇੱਕ ਹੈ ਅਤੇ ਅੱਗੇ ਵੀ ਇਕੋ ਹੀ ਰਹੇਗਾ। 'ਏਕ ਪਿਤਾ ਏਕਸ ਕੇ ਹਮ ਬਾਰਿਕ' ਦਾ ਵਿਸ਼ਵ ਸਿਧਾਂਤ ਜੋ ਗੁਰੂ ਨਾਨਕ ਨੇ ਸੰਸਾਰ ਨੂੰ ਦਿੱਤਾ। ਗੁਰੂ ਨਾਨਕ ਦੇਵ ਜੀ ਨੇ ਪਰਮਾਤਮਾ ਦੇ ਸਰੂਪ ਨੂੰ ਮੂਲ ਮੰਤਰ ਵਿੱਚ ਨਿਸ਼ਚਿਤ ਕਰ ਦਿੱਤਾ ਅਤੇ ਫਰਮਾਇਆ ਕਿ ਅਕਾਲ ਪੁਰਖ ਸਭ ਦੇਵੀ ਦੇਵਤਿਆਂ ਤੋਂ ਉੱਚਾ ਹੈ। ਇਹ ਖਿਆਲ ਗਲਤ ਹੈ ਕਿ ਸ੍ਰਿਸ਼ਟੀ ਬ੍ਰਹਮਾ ਅਤੇ ਹੋਰ ਦੇਵੀ ਦੇਵਤਿਆਂ ਦੀ ਰਚਨਾ ਹੈ ਇਹ ਇੱਕ ਪਰਮਾਤਮਾ ਦੀ ਰਚਨਾ ਹੈ। ਗੁਰੂ ਨਾਨਕ ਦੀ ਪੰਜਵੀਂ ਜੋਤ ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਸੁਖਮਨੀ ਸਾਹਿਬ ਵਿੱਚ ਪਰਮਾਤਮਾ ਸਬੰਧੀ ਗੁਰੂ ਨਾਨਕ ਦੇਵ ਜੀ ਦੇ ਵਿਚਾਰਾਂ ਨੂੰ ਵਿਸਥਾਰ ਦਿੱਤਾ ਹੈ। 'ਸੁਖਮਨੀ' ਬਾਣੀ ਵਿੱਚ ਪਰਮਾਤਮਾ ਦੇ ਨਿਰਗੁਣ ਅਤੇ ਸਰਗੁਣ ਦੋਵਾਂ ਰੂਪਾਂ ਦਾ ਵਰਣਨ ਹੈ। ਪਰਮਾਤਮਾ ਆਪ ਹੀ ਨਿਰਗੁਣ ਅਤੇ ਆਪ ਹੀ ਸਰਗੁਣ ਹੈ-

ਨਿਰਗੁਨੁ ਆਪਿ ਸਰਗੁਨੁ ਭੀ ਓਹੀ ॥

ਕਲਾ ਧਾਰਿ ਜਿਨਿ ਸਗਲੀ ਮੋਹੀ ॥ (ਗਉੜੀ ਸੁਖਮਨੀ ਮ.-5, ਅੰਗ-286)

ਵੈਸੇ ਤਾਂ ਸਾਰੀ ਗੁਰਬਾਣੀ ਵਿੱਚ ਪਰਮਾਤਮਾ ਦੇ ਨਿਰਗੁਣ ਰੂਪ ਨੂੰ ਮਾਨਤਾ ਮਿਲੀ ਹੈ।ਗੁਰੂ ਸਾਹਿਬਾਨ ਦਾ ਪਰਮਾਤਮਾ ਨੂੰ ਸਰਗੁਣ ਸਰੂਪ ਕਹਿਣ ਤੋਂ ਭਾਵ ਹੈ ਕਿ ਨਿਰਗੁਣ ਪ੍ਰਭੂ, ਸਾਰੀ ਸ੍ਰਿਸ਼ਟੀ ਵਿੱਚ ਜੋਤ ਰੂਪ ਵਿੱਚ ਪਸਰਿਆ ਹੋਇਆ ਹੈ ਉਸ ਦਾ ਸਾਰੀ ਸ੍ਰਿਸ਼ਟੀ ਵਿੱਚ ਵਿਆਪਕ ਹੋਣਾ ਉਸਦੀ ਸਰਗੁਣ ਸਰੂਪ ਦੀ ਹਾਮੀ ਭਰਦਾ ਹੈ। ਪਰਮਾਤਮਾ ਦੇ ਸਰਗੁਣ ਸਰੂਪ ਬਾਰੇ ਗੁਰੂ ਨਾਨਕ ਦੇਵ ਜੀ ਆਰਤੀ ਸ਼ਬਦ ਵਿੱਚ ਫੁਰਮਾਨ ਕਰਦੇ ਹਨ-

ਸਭ ਮਹਿ ਜੋਤਿ ਜੋਤਿ ਹੈ ਸੋਇ ॥

ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ ॥ (ਧਨਾਸਰੀ ਮ.-1, ਅੰਗ-663)

ਮੇਰੇ ਇਸ ਖੋਜ ਪੱਤਰ ਵਿੱਚ ਇਸੇ ਵਿਸ਼ੇ ਨੂੰ ਮੁੱਖ ਰੱਖਦੇ ਹੋਏ ਅੰਧ ਵਿਸ਼ਵਾਸਾਂ ਤੇ ਵਿਸ਼ਵਾਸ ਨਾ ਕਰਦੇ ਹੋਏ ਮਨੁੱਖ ਨੂੰ ਪਰਮਾਤਮਾ ਦੇ ਸਿਮਰਨ ਦਾ ਹੀ ਜੀਵਨ ਮੁਕਤੀ ਪ੍ਰਾਪਤੀ ਦਾ ਸੰਕਲਪ ਪੇਸ਼ ਕਰਨਾ ਹੈ। ਜੀਵ ਪਰਿਵਾਰ ਵਿੱਚ ਰਹਿੰਦਿਆਂ ਆਪਣੀ ਜਿੰਮੇਦਾਰੀਆਂ ਦਾ ਨਿਭਾਉਂਦੇ ਹੋਏ ਪਰਮਾਤਮਾ ਭਗਤੀ ਨਾਲ ਮੁਕਤੀ ਦੀ ਅਵਸਥਾ ਨੂੰ ਹਾਸਲ ਕਰਨਾ ਹੈ।

### ਜੀਵਨ ਮੁਕਤੀ ਦਾ ਸੰਕਲਪ –

ਗੁਰਮਤਿ ਵਿਚਾਰਧਾਰਾ ਅਨੁਸਾਰ ਜੀਵਨ ਮੁਕਤ ਤੋਂ ਭਾਵ ਜੀਵਿਤ ਅਵਸਥਾ ਵਿੱਚ ਮੁਕਤੀ ਪ੍ਰਾਪਤ ਕਰਨਾ। ਇਸ ਦਾ ਮਤਲਬ ਹੈ ਕਿ ਜਿਉਂਦੇ ਹੋਏ ਸੰਸਾਰਕ ਪਦਾਰਥਾਂ ਤੋ ਅਪ੍ਰਭਾਵਿਤ ਹੋਣਾ ਇਸ ਦੀ ਪ੍ਰਾਪਤੀ ਗੁਰੂ ਦੁਆਰਾ ਪ੍ਰਾਪਤ ਉਪਦੇਸ਼ਾ ਰਾਹੀਂ ਹੀ ਹੋ ਸਕਦੀ ਹੈ। ਗੁਰੂ ਦੇ ਉਪਦੇਸ਼ ਦੁਆਰਾ ਹੀ ਮਨੁੱਖ ਆਪਣੇ ਵਾਸਤਵਿਕ

ਸਰੂਪ ਨੂੰ ਪਛਾਣਦਾ ਹੋਇਆ ਸ੍ਰੇਸ਼ਟ ਮਾਰਗ ਉੱਤੇ ਅੱਗੇ ਵੱਧਦਾ ਹੈ। ਮੁਕਤੀ ਤੋਂ ਭਾਵ ਪਾਰੰਪਰਿਕ ਮੁਕਤੀ ਨਹੀਂ ਸਗੋਂ ਪਰਿਵਾਰ ਵਿੱਚ ਰਹਿੰਦਿਆਂ ਆਪਣੀਆਂ ਜਿੰਮੇਦਾਰੀਆਂ ਨਿਭਾਉਂਦੇ ਹੋਏ ਪਰਮਾਤਮਾ ਭਗਤੀ ਨਾਲ ਮੁਕਤੀ ਦੀ ਅਵਸਥਾ ਨੂੰ ਹਾਸਲ ਕਰਨਾ ਹੈ। ਭਾਰਤੀ ਪਰੰਪਰਾ ਅਨੁਸਾਰ ਬੈਕੁੰਠ ਧਾਮ ਨੂੰ ਜਾਣਾ ਹੀ ਮੁਕਤੀ ਹੈ, ਪਰ ਗੁਰਬਾਣੀ ਬ੍ਰਹਮ ਸਾਖਿਆਤਕਾਰ ਨੂੰ ਮੁਕਤੀ ਦਾ ਨਾਂ ਦਿੰਦੀ ਹੈ। ਗੁਰੂ ਨਾਨਕ ਦੇਵ ਜੀ ਨੇ 'ਦਰ ਦਰਸਨ ਕਾ ਪ੍ਰੀਤਮੁ ਹੋਵੇ ਮੁਕਤੀ ਬੈਕੁੰਠੈ ਕਰੇ ਕਿਆ' ਕਹਿ ਕੇ ਆਤਮ ਦਰਸ਼ਨ ਨੂੰ ਜਾਂ ਆਪੇ ਦੀ ਸਹੀ ਪਛਾਣ ਦੁਆਰਾ ਪ੍ਰਭੂ ਦੀ ਪਛਾਣ ਅਥਵਾ ਉਸ ਦੇ ਦਰਸ਼ਨ ਨੂੰ ਤਰਜੀਹ ਦਿੱਤੀ ਹੈ ਕਿਉਂਕਿ ਗੁਰੂ ਰਾਮਦਾਸ ਅਨੁਸਾਰ ਹਰਿ ਦਰਸ਼ਨ ਦੇ ਅਭਿਲਾਸੀ ਜਗਿਆਸੂ ਲਈ ਦਰਸ਼ਨ ਹੀ ਸਭ ਕੁਝ ਹੈ, ਉਸ ਦੇ ਮੁਕਾਬਲੇ ਵਿੱਚ ਬੇਕੁੰਠ ਦੀ ਪ੍ਰਾਪਤੀ ਨਿਰਥਕ ਹੈ-

ਹਰਿ ਦਰਸ਼ਨ ਕੇ ਜਨ ਮੁਕਤਿ ਨ ਮਾਗਹਿ

ਮਿਲਿ ਦਰਸਨ ਤ੍ਰਿਪਤਿ ਮਨੁ ਪੀਜੈ।। (ਕਲਿਆਨ ਮ.4,ਅੰਗ-1324)

ਗੁਰੂ ਨਾਨਕ ਦੇਵ ਜੀ ਨੇ 'ਆਸਾ ਦੀ ਵਾਰ' ਵਿਚ ਸਪਸ਼ਟ ਕੀਤਾ ਹੈ ਕਿ ਮਨੁੱਖ ਨੂੰ ਐਸਾ ਜੀਵਨ ਨਹੀਂ ਜਿਉਣਾ ਚਾਹੀਦਾ ਜਿਸ ਦੇ ਕਾਰਨ ਪਰਮਾਤਮਾ ਦੀ ਦਰਗਾਹ ਤੇ ਹਾਰਨਾ ਪਏ ਜੋ ਮਨੁੱਖ ਆਪਣੀ ਮਰਜ਼ੀ ਅਨੁਸਾਰ ਚਲਦਾ ਹੈ ਉਹ ਅੱਗੇ ਚੱਲ ਕੇ ਮਾਰ ਖਾਂਦੇ ਹਨ –

ਐਸੀ ਕਲਾ ਨ ਖੇਡੀਐ ਜਿਤੁ ਦਰਗਹ ਗਇਆ ਹਾਰੀਐ ॥

ਪੜਿਆ ਅਤੈ ਓਮੀਆ ਵੀਚਾਰੁ ਅਗੈ ਵੀਚਾਰੀਐ ॥

ਮੁਹਿ ਚਲੈ ਸੁ ਅਗੈ ਮਾਰੀਐ ॥ (ਆਸਾ ਮਹਲਾ-1, ਅੰਗ -469)

ਗੁਰੂ ਅਰਜਨ ਦੇਵ ਜੀ ਨੇ ਵੀ ਪਰਿਵਾਰਿਕ ਜਿੰਮੇਦਾਰੀਆਂ ਪੂਰੀਆਂ ਕਰਦੇ ਭਾਵ ਸੰਸਾਰ ਵਿੱਚ ਰਹਿੰਦਿਆਂ ਜੀਵਨ ਮੁਕਤੀ ਦੀ ਪ੍ਰਾਪਤੀ ਦਾ ਰਾਹ ਦੱਸਿਆ ਹੈ-

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੇ ਜੁਗਤਿ।।

ਹਸੰਦਿਆ, ਖੇਲੰਦਿਆ, ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ।। (ਗੂਜਰੀ,ਮ.-5, ਅੰਗ-522)

ਭਾਰਤੀ ਅਧਿਆਤਮਿਕਤਾ ਦਾ ਅੰਤਿਮ ਫਲ ਮੁਕਤੀ ਹੈ ਵੱਖ ਵੱਖ ਭਾਰਤੀ ਦਾਰਸ਼ਨਿਕ ਪਰੰਪਰਾਵਾਂ ਵਿੱਚ ਮੁਕਤੀ ਦੇ ਸਰੂਪ ਅਤੇ ਸਥਿਤੀ ਵਿੱਚ ਕਾਫੀ ਮਤਭੇਦ ਰਿਹਾ ਹੈ, ਪਰ ਇੱਕ ਗੱਲ ਬਾਰੇ ਸਹਿਮਤ ਹਨ ਕਿ ਮੁਕਤੀ ਉਸ ਸਥਿਤੀ ਦਾ ਸੂਚਕ ਹੈ ਜਦੋਂ ਮਨੁੱਖ ਤਿੰਨ ਪ੍ਰਕਾਰ ਦੇ ਦੁੱਖਾਂ (ਦੈਹਿਕ, ਭੌਤਿਕ, ਦੈਵਿਕ) ਤੋਂ ਛੁਟਕਾਰਾ ਪਾ ਲੈਂਦਾ ਹੈ। ਇਸ ਤਰ੍ਹਾਂ ਦੀ ਮੁਕਤੀ ਤੋਂ ਭਾਵ ਮਨੁੱਖ ਦੇ ਸੰਸਾਰਿਕ ਦੁੱਖਾਂ ਦੀ ਪੂਰਨ ਕਮੀ ਹੈ

ਹਰਿ ਧਿਆਵਹਿ ਹਰਿ ਧਿਆਵਹਿ ਤੁਧੁ ਜੀ ਸੇ ਜਨ ਜੁਗ ਮਹਿ ਸੁਖਵਾਸੀ ॥

ਸੇ ਮੁਕਤੁ ਸੇ ਮੁਕਤੁ ਭਏ ਜਿਨ ਹਰਿ ਧਿਆਇਆ ਜੀ ਤਿਨ ਤੂਟੀ ਜਮ ਕੀ ਫਾਸੀ ॥

ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ ਤਿਨ ਕਾ ਭਉ ਸਭੁ ਗਵਾਸੀ ॥

(ਆਸਾ, ਮ.-5,ਅੰਗ 10)

ਜਿਨ੍ਹਾਂ ਮਨੁੱਖਾਂ ਨੇ ਹਰਿ-ਨਾਮ ਸਿਮਰਿਆ ਹੈ, ਉਹ ਸਦਾ ਲਈ ਮਾਇਆ ਦੇ ਬੰਧਨਾਂ ਤੋਂ ਆਜ਼ਾਦ ਹੋ ਗਏ ਹਨ, ਉਹਨਾਂ ਦੀ ਜਮਾਂ ਵਾਲੀ ਫਾਹੀ ਟੁੱਟ ਗਈ ਹੈ (ਆਤਮਕ ਮੌਤ ਉਹਨਾਂ ਦੇ ਨੇੜੇ ਨਹੀਂ ਢੁੱਕਦੀ) । ਜਿਨ੍ਹਾਂ ਬੰਦਿਆਂ ਨੇ ਸਦਾ ਨਿਰਭਉ ਪ੍ਰਭੂ ਦਾ ਨਾਮ ਸਿਮਰਿਆ ਹੈ; ਪ੍ਰਭੂ ਉਹਨਾਂ ਦਾ ਸਾਰਾ ਡਰ ਦੂਰ ਕਰ ਦੇਂਦਾ ਹੈ ।ਜਿਨ੍ਹਾਂ ਮਨੁੱਖਾਂ ਨੇ ਪਿਆਰੇ ਪ੍ਰਭੂ ਨੂੰ ਸਦਾ ਸਿਮਰਿਆ ਹੈ, ਉਹ ਪ੍ਰਭੂ ਦੇ ਰੂਪ ਵਿਚ ਹੀ ਲੀਨ ਹੋ ਗਏ ਹਨ । ਭਾਗਾਂ ਵਾਲੇ ਹਨ ਉਹ ਮਨੁੱਖ, ਧੰਨ ਹਨ ਉਹ ਮਨੁੱਖ, ਜਿਨ੍ਹਾਂ ਪ੍ਰਭੂ ਦਾ ਨਾਮ ਸਿਮਰਿਆ ਹੈ । ਦਾਸ ਨਾਨਕ ਉਹਨਾਂ ਤੋਂ ਸਦਕੇ ਜਾਂਦਾ ਹੈ ।

ਕੁਦਮ ਕਰੇ ਪਸੁ ਪੰਖੀਆ ਦਿਸੈ ਨਾਹੀ ਕਾਲੁ ॥

ਓਤੈ ਸਾਥਿ ਮਨੁਖੁ ਹੈ ਫਾਥਾ ਮਾਇਆ ਜਾਲਿ ॥

ਮੁਕਤੇ ਸੇਈ ਭਾਲੀਅਹਿ ਜਿ ਸਚਾ ਨਾਮੁ ਸਮਾਲਿ ॥( ਸਿਰੀਰਾਗ,ਮ.-5,ਅੰਗ-43)

ਗੁਰੂ ਜੀ ਫਰਮਾਉਂਦੇ ਹਨ ਕਿ ਹੇ ਪ੍ਰਾਣੀ! ਤੂੰ ਜਗਤ ਵਿਚ ਪਰਮਾਤਮਾ ਦੇ ਨਾਮ ਦਾ ਲਾਭ ਖੱਟਣ ਵਾਸਤੇ ਆਇਆ ਹੈਂ । ਤੂੰ ਕਿਸ ਖ਼ੁਆਰੀ ਵਾਲੇ ਕੰਮ ਵਿਚ ਰੁੱਝਾ ਪਿਆ ਹੈ' ਤੇਰੀ ਸਾਰੀ ਜ਼ਿੰਦਗੀ ਦੀ ਰਾਤ ਮੁੱਕਦੀ ਜਾ ਰਹੀ ਹੈ ।ਹਰ ਰੋਜ਼ ਉੱਦਮ ਨਾਲ ਇਸ ਸਰੀਰ ਨੂੰ ਪਾਲੀ ਪੋਸੀਦਾ ਹੈ, (ਜ਼ਿੰਦਗੀ ਦਾ ਮਨੋਰਥ) ਸਮਝਣ ਤੋਂ

ਬਿਨਾ ਇਹ ਮੂਰਖ ਤੇ ਬੇ-ਸਮਝ ਹੀ ਰਹਿੰਦਾ ਹੈ । ਇਸ ਨੂੰ ਕਦੇ ਉਹ ਪਰਮਾਤਮਾ (ਜਿਸ ਨੇ ਇਸ ਨੂੰ ਪੈਦਾ ਕੀਤਾ ਹੈ) ਚੇਤੇ ਨਹੀਂ ਆਉਂਦਾ, ਤੇ ਆਖ਼ਰ ਇਹ ਮਸਾਣਾਂ ਵਿਚ ਸੁੱਟ ਦਿੱਤਾ ਜਾਇਗਾ ।(ਹੇ ਪ੍ਰਾਣੀ! ਅਜੇ ਭੀ ਵੇਲਾ ਹੈ, ਆਪਣੇ) ਗੁਰੂ ਨਾਲ ਚਿੱਤ ਜੋੜ, ਤੇ (ਪਰਮਾਤਮਾ ਦਾ ਨਾਮ ਸਿਮਰ ਕੇ) ਸਦਾ ਕਾਇਮ ਰਹਿਣ ਵਾਲਾ ਆਤਮਕ ਆਨੰਦ ਮਾਣ । ਪਸ਼ੂ ਨੂੰ ਪੰਛੀ ਨੂੰ ਮੌਤ ਨਹੀਂ ਦਿੱਸਦੀ, ਪਰ ਮਨੁੱਖ ਨੂੰ ਭੀ ਪਸ਼ੂ ਪੰਛੀ ਵਾਂਗ ਮੌਤ ਚੇਤੇ ਨਹੀਂ, ਤੇ ਇਹ ਮਾਇਆ ਦੇ ਜਾਲ ਵਿਚ ਫਸਿਆ ਪਿਆ ਹੈ । ਮਾਇਆ ਦੇ ਜਾਲ ਤੋਂ ਬਚੇ ਹੋਏ ਉਹੀ ਬੰਦੇ ਦਿੱਸਦੇ ਹਨ, ਜੇਹੜੇ ਪਰਮਾਤਮਾ ਦਾ ਸਦਾ ਕਾਇਮ ਰਹਿਣ ਵਾਲਾ ਨਾਮ ਹਿਰਦੇ ਵਿਚ ਵਸਾਂਦੇ ਹਨ ।

ਇਸ ਲਈ ਗੁਰੂ ਜੀ ਆਪਣੀ ਬਾਣੀ ਰਾਹੀਂ ਦੱਸ ਰਹੇ ਹਨ ਕਿ ਹੇ ਮਨੁੱਖ ਜੇਹੜਾ ਘਰ ਛੱਡ ਕੇ ਸਦਾ ਲਈ ਤੁਰ ਜਾਣਾ ਹੈ, ਉਹ ਤੈਨੂੰ ਆਪਣੇ ਮਨ ਵਿਚ ਪਿਆਰਾ ਲੱਗ ਰਿਹਾ ਹੈ, ਤੇ ਜਿਥੇ ਜਾ ਕੇ ਤੇਰਾ ਵਾਹ ਪੈਣਾ ਹੈ ਉਸ ਦਾ ਤੈਨੂੰ ਬਿਲਕੁਲ ਵੀ ਫ਼ਿਕਰ ਨਹੀਂ । ਸਭ ਜੀਵ ਮਾਇਆ ਦੇ ਮੋਹ ਵਿਚ ਫਸੇ ਪਏ ਹਨ, ਇਸ ਮੋਹ ਵਿਚ ਫਸੇ ਹੋਏ ਉਹੀ ਬੰਦੇ ਨਿਕਲਦੇ ਹਨ ਜੇਹੜੇ ਗੁਰੂ ਦੀ ਚਰਨੀਂ ਪੈ ਜਾਂਦੇ ਹਨ । ਪਰ ਮਾਇਆ ਦਾ ਮੋਹ ਹੈ ਹੀ ਬੜਾ ਪ੍ਰਬਲ, ਇਸ ਵਿਚੋਂ ਗੁਰੂ ਤੋਂ ਬਿਨਾ ਕੋਈ ਬਚਾ ਨਹੀਂ ਸਕਦਾ, ਗੁਰੂ ਤੋਂ ਬਿਨਾ ਅਜੇਹੀ ਸਮਰਥਾ ਵਾਲਾ ਕੋਈ ਨਹੀਂ ਦਿੱਸਦਾ ।

ਜਿਸ ਕਾ ਅੰਗੁ ਕਰੇ ਮੇਰਾ ਪਿਆਰਾ ॥

ਸੋ ਮੁਕਤਾ ਸਾਗਰ ਸੰਸਾਰਾ ॥

ਸਤਿ ਕਰੇ ਜਿਨਿ ਗੁਰੂ ਪਛਾਤਾ ਸੋ ਕਾਹੇ ਕਉ ਡਰਦਾ ਜੀਉ ॥( ਮਾਝ, ਮ.-5, ਅੰਗ -101)

ਗੁਰੂ ਪਰਮਾਤਮਾ ਜਿਸ ਮਨੁੱਖ ਦੀ ਸਹੈਤਾ ਕਰਦਾ ਹੈ, ਉਹ ਇਸ ਸੰਸਾਰ- ਸਮੁੰਦਰ ਦੇ ਵਿਕਾਰਾਂ ਤੋਂ ਮੁਕਤ ਹੋ ਜਾਂਦਾ ਹੈ । ਜਿਸ ਮਨੁੱਖ ਨੇ ਸਰਧਾ ਧਾਰ ਕੇ ਗੁਰੂ ਨਾਲ ਸਾਂਝ ਪਾ ਲਈ, ਉਸ ਨੂੰ ਇਸ ਸੰਸਾਰ-ਸਮੁੰਦਰ ਤੋਂ ਡਰਨ ਦੀ ਲੋੜ ਹੀ ਨਹੀਂ ਰਹਿ ਜਾਂਦੀ ।

ਅਗਮ ਅਗਾਧਿ ਪਾਰਬ੍ਰਹਮੁ ਸੋਇ ॥

ਜੋ ਜੋ ਕਹੈ ਸੁ ਮੁਕਤਾ ਹੋਇ ॥

ਸੁਨਿ ਮੀਤਾ ਨਾਨਕੁ ਬਿਨਵੰਤਾ ॥

ਸਾਧ ਜਨਾ ਕੀ ਅਚਰਜ ਕਥਾ ॥ (ਗਉੜੀ ਸੁਖਮਨੀ ਮ.-5, ਅੰਗ 271)

ਇਹਨਾਂ ਪੰਕਤੀਆਂ ਵਿੱਚ ਗੁਰੂ ਜੀ ਆਖਦੇ ਹਨ ਕਿ ਪਾਰਬ੍ਰਹਮ ਸਰਬਵਿਆਪਕ ਪ੍ਰਭੂ ਅਗਮ ਹੈ, ਅਗਾਧ ਹੈ — ਉਹ ਬਹੁਤ ਊਚਾ ਹੈ ਅਤੇ ਅਥਾਹ ਹੈ। ਉਸ ਤੱਕ ਆਮ ਮਨੁੱਖੀ ਬੁੱਧੀ ਨਹੀਂ ਪਹੁੰਚ ਸਕਦੀ, ਅਤੇ ਉਹ ਮਾਨਵ ਦੇ ਸਮਝਣ ਤੋਂ ਪਰੇ ਹੈ। ਗੁਰੂ ਜੀ ਕਹਿੰਦੇ ਹਨ ਕਿ ਜਿਸ ਜੇਹੜੇ ਜੀਵਾਂ ਨੇ ਉਸ ਪ੍ਰਭੂ ਦੇ ਬਾਰੇ ਗਿਆਨ ਪ੍ਰਾਪਤ ਕੀਤਾ ਅਤੇ ਉਸ ਨੂੰ ਕਥਾ, ਸਿਮਰਨ ਜਾਂ ਭਾਵਨਾ ਰਾਹੀਂ ਜਾਣਿਆ, ਉਹ ਮੁਕਤ ਹੋ ਜਾਂਦਾ ਹੈ। ਉਸ ਦੇ ਸਾਰੇ ਬੰਧਨ ਖਤਮ ਹੋ ਜਾਂਦੇ ਹਨ। ਇਹ ਗੁਰੂ ਨਾਨਕ ਜੀ ਦੀ ਬੇਨਤੀ ਹੈ ਕਿ "ਹੇ ਮਿੱਤਰ! ਸੁਣੋ, ਮੈਂ ਅਰਦਾਸ ਕਰ ਰਿਹਾ ਹਾਂ" — ਇਸ ਭਾਵ ਨਾਲ ਕਿ ਸਾਰੇ ਸੰਸਾਰੀ ਜੀਵਾਂ ਪ੍ਰਭੂ ਦੀ ਮਹਾਨਤਾ ਨੂੰ ਜਾਣਣ ਦੀ ਕੋਸ਼ਿਸ਼ ਕਰਨ। ਇਸ ਪੰਕਤੀ ਵਿੱਚ ਗੁਰੂ ਜੀ ਬਿਆਨ ਕਰਦੇ ਹਨ ਕਿ ਸਾਧੂ ਜਨ, ਜੋ ਪ੍ਰਭੂ ਨਾਲ ਜੁੜੇ ਹਨ, ਉਨ੍ਹਾਂ ਦੀ ਕਥਾ ਵਡਕਾਈ ਅਤੇ ਚਮਤਕਾਰੀ ਹੁੰਦੀ ਹੈ। ਸਾਧੂਆਂ ਦੀ ਜ਼ਿੰਦਗੀ ਅਤੇ ਉਹਨਾਂ ਦੇ ਅਨੁਭਵ ਅਚਰਜਕ ਅਤੇ ਪ੍ਰੇਰਣਾਦਾਇਕ ਹੁੰਦੇ ਹਨ। ਇਸ ਸ਼ਬਦ ਦੇ ਰਾਹੀਂ ਗੁਰੂ ਸਾਹਿਬ ਦਰਸਾ ਰਹੇ ਹਨ ਕਿ ਸਚਾ ਪਰਮਾਤਮਾ ਅਗੰਮ ਹੈ ਤੇ ਅਥਾਹ ਹੈ। ਜੋ ਵੀ ਉਸ ਦੀ ਸਿਫ਼ਤ-ਸਾਲਾਹ ਕਰਦਾ ਹੈ ਅਤੇ ਉਸ ਦੇ ਨਾਮ ਦਾ ਸਿਮਰਨ ਕਰਦਾ ਹੈ, ਉਹ ਮੁਕਤ ਹੋ ਜਾਂਦਾ ਹੈ। ਗੁਰੂ ਨਾਨਕ ਜੀ ਜੀਵਾਂ ਨੂੰ ਇਹ ਸਿੱਖਿਆ ਦੇ ਰਹੇ ਹਨ ਕਿ ਸਾਧੂ ਜਨਾਂ ਦਾ ਜੀਵਨ ਅਤੇ ਉਹਨਾਂ ਦੇ ਪ੍ਰਭੂ ਨਾਲ ਜੋੜਨ ਵਾਲੇ ਅਨੁਭਵ ਵਾਹ-ਵਾਹੀ ਦੇ ਕਾਬਲ ਹਨ, ਤੇ ਉਹਨਾਂ ਤੋਂ ਸਿੱਖਣ ਦੀ ਲੋੜ ਹੈ।

ਜੋ ਇਸੁ ਮਾਰੇ ਸੁ ਜੀਵਨ ਮੁਕਤਾ ॥

ਜੋ ਇਸੁ ਮਾਰੇ ਤਿਸ ਕੀ ਨਿਰਮਲ ਜੁਗਤਾ ॥

ਜੋ ਇਸੁ ਮਾਰੇ ਸੋਈ ਸੁਗਿਆਨੀ ॥

ਜੋ ਇਸੁ ਮਾਰੇ ਸੁ ਸਹਜ ਧਿਆਨੀ ॥ (ਗਉੜੀ ,ਮ.5, ਅੰਗ-237)

ਇਸ ਸ਼ਬਦ ਦਾ ਅਰਥ ਇਹ ਹੈ ਕਿ ਜੇਹੜਾ ਮਨੁੱਖ ਦੁਬਿਧਾ (ਮਾਇਆ, ਹਉਮੈ, ਵਿਕਾਰ) ਨੂੰ ਮੁਕਾ ਲੈਂਦਾ ਹੈ, ਉਹੀ ਸੱਚੇ ਮਾਣਹ ਦਾ ਅਨੁਭਵ ਕਰਦਾ ਹੈ। ਉਸ ਦਾ ਜੀਵਨ ਦੁਨੀਆ ਦੇ ਕਾਰ-ਵਿਹਾਰ ਕਰਨ ਦੇ ਬਾਵਜੂਦ ਵੀ ਪਵਿਤ੍ਰ ਅਤੇ ਆਜ਼ਾਦ ਰਹਿੰਦਾ ਹੈ। ਉਸ ਦੀ ਸਾਂਝ ਪ੍ਰਭੂ ਨਾਲ ਡੂੰਘੀ ਹੋ ਜਾਂਦੀ ਹੈ, ਅਤੇ ਉਹ ਸਹਿਜ ਅਵਸਥਾ ਵਿੱਚ ਟਿਕਿਆ ਰਹਿੰਦਾ ਹੈ, ਜਿਸ ਕਰਕੇ ਉਹ ਸਦਾ ਧਿਆਨ ਵਿਚ ਅਤੇ ਆਤਮਕ ਸ਼ਾਂਤੀ ਵਿਚ ਰਹਿੰਦਾ ਹੈ।

ਬ੍ਰਹਮ ਗਿਆਨੀ ਕੀ ਸਭ ਊਪਰਿ ਮਇਆ ॥

ਬ੍ਰਹਮ ਗਿਆਨੀ ਤੇ ਕਛੁ ਬੁਰਾ ਨ ਭਇਆ ॥

ਬ੍ਰਹਮ ਗਿਆਨੀ ਸਦਾ ਸਮਦਰਸੀ ॥

ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ ॥

ਬ੍ਰਹਮ ਗਿਆਨੀ ਬੰਧਨ ਤੇ ਮੁਕਤਾ ॥

ਬ੍ਰਹਮ ਗਿਆਨੀ ਕੀ ਨਿਰਮਲ ਜੁਗਤਾ ॥

ਬ੍ਰਹਮ ਗਿਆਨੀ ਕਾ ਭੋਜਨੁ ਗਿਆਨ ॥

ਨਾਨਕ ਬ੍ਰਹਮ ਗਿਆਨੀ ਕਾ ਬ੍ਰਹਮ ਧਿਆਨੁ ॥ (ਗਉੜੀ ਸੁਖਮਨੀ ਮ.-5, ਅੰਗ-272)

ਇਨ੍ਹਾਂ ਪੰਕਤੀਆਂ ਵਿੱਚ ਗੁਰੂ ਜੀ ਕਹਿੰਦੇ ਹਨ ਕਿ ਬ੍ਰਹਮ ਗਿਆਨੀ ਪ੍ਰਭੂ ਦੇ ਸੱਚੇ ਗਿਆਨ ਨਾਲ ਭਰਪੂਰ ਮਨੁੱਖ ਦੀ ਸਭ ਉਤੇ ਦਇਆ ਹੁੰਦੀ ਹੈ। ਉਹ ਹਰ ਜੀਵ ਨਾਲ ਪਿਆਰ ਅਤੇ ਹਿਮਾਇਤ ਵਾਲਾ ਵਰਤਾਵ ਕਰਦਾ ਹੈ, ਕਿਉਂਕਿ ਉਹ ਪ੍ਰਭੂ ਦੀ ਸਿਰਜਣ ਵਾਲੀ ਸਾਰੀਆਂ ਸ੍ਰਿਸ਼ਟੀਆਂ ਨੂੰ ਆਪਣੀ ਦ੍ਰਿਸ਼ਟੀ ਨਾਲ ਇਕਸਾਰ ਵੇਖਦਾ ਹੈ। ਬ੍ਰਹਮ ਗਿਆਨੀ ਕਿਸੇ ਨਾਲ ਬੁਰਾ ਨਹੀਂ ਕਰਦਾ ਅਤੇ ਉਸ ਵਿੱਚ ਕੋਈ ਬੁਰਾਈ ਨਹੀਂ ਹੁੰਦੀ। ਉਹ ਪਵਿੱਤਰਤਾ ਅਤੇ ਨੇਕੀ ਨਾਲ ਭਰਪੂਰ ਹੁੰਦਾ ਹੈ, ਕਿਉਂਕਿ ਉਹ ਹਮੇਸ਼ਾਂ ਪ੍ਰਭੂ ਦੀ ਰਜ਼ਾ ਵਿੱਚ ਰਹਿੰਦਾ ਹੈ। ਬ੍ਰਹਮ ਗਿਆਨੀ ਦੀ ਨਜ਼ਰ ਵਿੱਚ ਸਭ ਇਕਸਾਰ ਹੁੰਦੇ ਹਨ। ਉਹ ਧਨ-ਦੌਲਤ ਜਾਂ ਪਦਵੀ ਆਦਿ ਤੋਂ ਬਿਨਾਂ ਹਰ ਜੀਵ ਨੂੰ ਸਮਾਨ ਸੰਕਲਪ ਵਿੱਚ ਵੇਖਦਾ ਹੈ, ਅਤੇ ਕਿਸੇ ਨਾਲ ਭੇਦਭਾਵ ਨਹੀਂ ਕਰਦਾ। ਬ੍ਰਹਮ ਗਿਆਨੀ ਦੀ ਦ੍ਰਿਸ਼ਟੀ ਅੰਮ੍ਰਿਤ ਵਰਗਾ ਮੀਠਾ ਪਿਆਰ ਵਰਸਾਉਂਦੀ ਹੈ। ਉਹ ਜਿਸ ਉੱਤੇ ਵੀ ਨਿਗਾਹ ਮਾਰਦਾ ਹੈ, ਉਸ ਨੂੰ ਪਿਆਰ ਅਤੇ ਸ਼ਾਂਤੀ ਪ੍ਰਾਪਤ ਹੁੰਦੀ ਹੈ। ਬ੍ਰਹਮ ਗਿਆਨੀ ਸੰਸਾਰ ਦੇ ਸਾਰੇ ਬੰਧਨਾਂ ਤੋਂ ਆਜ਼ਾਦ ਹੁੰਦਾ ਹੈ। ਉਹ ਮਾਇਆ ਦੇ ਮੋਹ ਅਤੇ ਵਿਕਾਰਾਂ ਦੇ ਬੰਧਨਾਂ ਵਿੱਚ ਫਸਿਆ ਨਹੀਂ ਹੁੰਦਾ, ਸਗੋਂ ਉਹ ਆਤਮਕ ਤੌਰ ਤੇ ਮੁਕਤ ਹੁੰਦਾ ਹੈ। ਬ੍ਰਹਮ ਗਿਆਨੀ ਦੀ ਜੀਵਨ-ਰਹਿਣੀ ਪਵਿਤ੍ਰ ਹੁੰਦੀ ਹੈ। ਉਸ ਦੇ ਕਰਮ ਅਤੇ ਸੋਚ ਵਿਚ ਸੁਚਜਤਾ ਅਤੇ ਸੱਚਾਈ ਹੁੰਦੀ ਹੈ। ਬ੍ਰਹਮ ਗਿਆਨੀ ਦਾ ਭੋਜਨ ਗਿਆਨ ਹੁੰਦਾ ਹੈ। ਮਾਨੋ, ਉਸ ਦੀ ਖੁਰਾਕ ਪ੍ਰਭੂ ਦੇ ਗਿਆਨ ਵਿਚ ਲੀਨ ਹੋਣਾ ਹੈ। ਉਹ ਹਰ ਵੇਲੇ ਆਤਮਕ ਗਿਆਨ ਦੇ ਆਨੰਦ ਵਿੱਚ ਮਗਨ ਰਹਿੰਦਾ ਹੈ। ਬ੍ਰਹਮ ਗਿਆਨੀ ਦਾ ਧਿਆਨ ਸਦਾ ਪ੍ਰਭੂ ਵਿਚ ਲੱਗਿਆ ਰਹਿੰਦਾ ਹੈ। ਉਹ ਸਦਾ ਪਰਮਾਤਮਾ ਵਿਚ ਲੀਨ ਰਹਿੰਦਾ ਹੈ ਅਤੇ ਉਸੇ ਦਾ ਸਿਮਰਨ ਕਰਦਾ ਹੈ।

ਇਸ ਸ਼ਬਦ ਦਾ ਮੂਲ ਭਾਵ ਇਹ ਹੈ ਕਿ ਬ੍ਰਹਮ ਗਿਆਨੀ, ਜੋ ਸੱਚੇ ਗਿਆਨ ਨਾਲ ਪਰਮਾਤਮਾ ਦੇ ਰੰਗ ਵਿਚ ਰੰਗਿਆ ਹੁੰਦਾ ਹੈ, ਉਸ ਦੀ ਜੀਵਨ-ਚਰਚਾ ਪਵਿਤ੍ਰ ਅਤੇ ਆਦਰਸ਼ ਹੁੰਦੀ ਹੈ। ਉਹ ਸਾਰੇ ਜੀਵਾਂ ਨਾਲ ਪਿਆਰ, ਦਇਆ, ਅਤੇ ਸਮਾਨਤਾ ਦਾ ਵਰਤਾਵ ਕਰਦਾ ਹੈ। ਉਹ ਸੰਸਾਰ ਦੇ ਬੰਧਨਾਂ ਤੋਂ ਆਜ਼ਾਦ ਰਹਿੰਦਾ ਹੈ, ਤੇ ਸਦਾ ਆਪਣੇ ਅੰਦਰ ਪ੍ਰਭੂ ਦਾ ਨਾਮ ਸਿਮਰਦਾ ਹੈ। ਬ੍ਰਹਮ ਗਿਆਨੀ ਦੀ ਆਤਮਕ ਅਡੋਲਤਾ ਅਤੇ ਉਸ ਦਾ ਸੱਚਾ ਧਿਆਨ ਹੀ ਉਸ ਦੇ ਜੀਵਨ ਦਾ ਅਸਲੀ ਭੋਜਨ ਅਤੇ ਆਨੰਦ ਹੁੰਦਾ ਹੈ।

ਜਿਸ ਕੈ ਅੰਤਰਿ ਰਾਜ ਅਭਿਮਾਨੁ ॥

ਸੋ ਨਰਕਪਾਤੀ ਹੋਵਤ ਸੁਆਨੁ ॥

ਜੋ ਜਾਨੈ ਮੈ ਜੋਬਨਵੰਤੁ ॥

ਸੋ ਹੋਵਤ ਬਿਸਟਾ ਕਾ ਜੰਤੁ ॥

ਆਪਸ ਕਉ ਕਰਮਵੰਤੁ ਕਹਾਵੈ ॥

ਜਨਮਿ ਮਰੈ ਬਹੁ ਜੋਨਿ ਭ੍ਰਮਾਵੈ ॥

ਧਨ ਭੂਮਿ ਕਾ ਜੋ ਕਰੈ ਗੁਮਾਨੁ ॥

ਸੋ ਮੂਰਖੁ ਅੰਧਾ ਅਗਿਆਨੁ ॥

ਕਰਿ ਕਿਰਪਾ ਜਿਸ ਕੈ ਹਿਰਦੈ ਗਰੀਬੀ ਬਸਾਵੈ ॥

ਨਾਨਕ ਈਹਾ ਮੁਕਤੁ ਆਗੈ ਸੁਖੁ ਪਾਵੈ ॥ (ਗਉੜੀ ਸੁਖਮਨੀ ਮ.-5, ਅੰਗ 278)

ਜਿਸ ਮਨੁੱਖ ਦੇ ਮਨ ਵਿਚ ਰਾ ਜ ਦਾ ਮਾਣ ਹੈ, ਉਹ ਕੁੱਤਾ ਨਰਕ ਵਿਚ ਪੈਣ ਦਾ ਸਜ਼ਾਵਾਰ ਹੁੰਦਾ ਹੈ । ਜੋ ਮਨੁੱਖ ਆਪਣੇ ਆਪ ਨੂੰ ਬੜਾ ਸੋਹਣਾ ਸਮਝਦਾ ਹੈ, ਉਹ ਵਿਸ਼ਟਾ ਦਾ ਹੀ ਕੀੜਾ ਹੁੰਦਾ ਹੈ ਕਿਉਂਕਿ ਸਦਾ ਵਿਸ਼ੇ-ਵਿਕਾਰਾਂ ਦੇ ਗੰਦ ਵਿਚ ਪਿਆ ਰਹਿੰਦਾ ਹੈ। ਜੇਹੜਾ ਆਪਣੇ ਆਪ ਨੂੰ ਚੰਗੇ ਕੰਮ ਕਰਨ ਵਾਲਾ ਅਖਵਾਉਂਦਾ ਹੈ, ਉਹ ਸਦਾ ਜੰਮਦਾ ਮਰਦਾ ਹੈ, ਕਈ ਜੂਨਾਂ ਵਿਚ ਭਟਕਦਾ ਫਿਰਦਾ ਹੈ । ਜੋ ਮਨੁੱਖ ਧਨ ਤੇ ਧਰ ਤੀ ਦੀ ਮਾਲਕੀ ਦਾ ਅਹੰਕਾਰ ਕਰਦਾ ਹੈ, ਉਹ ਮੂਰਖ ਹੈ, ਬੜਾ ਜਾਹਿਲ ਹੈ । ਮੇਹਰ ਕਰ ਕੇ ਜਿਸ ਮਨੁੱਖ ਦੇ ਦਿਲ ਵਿਚ ਗਰੀਬੀ ਸੁਭਾਉ ਹੁੰਦਾ ਹੈ, ਹੇ ਨਾਨਕ! ਉਹ ਮਨੁੱਖ ਇਸ ਜ਼ਿੰਦਗੀ ਵਿਚ ਵਿਕਾਰਾਂ ਤੋਂ ਬਚਿਆ ਰਹਿੰਦਾ ਹੈ ਤੇ ਪਰਲੋਕ ਵਿਚ ਸੁਖ ਪਾਂਦਾ ਹੈ ।

ਗੁਰ ਮੰਤ੍ਰ ਹੀਣਸੁ ਜੋ ਪ੍ਰਾਣੀ, ਧ੍ਰਿਗੰਤ ਜਨਮ ਭ੍ਰਿਸਟ ਣਹ।

ਕੂਕਰਹ ਸੂਕਰਹ ਗਰਧਭਹ ਕਾਕੁਹ,ਸਰਪਨਹ ਤੁਲਿ ਖਲਹ।

(ਸਲੋਕ ਸਹਸਕ੍ਰਿਤੀ, ਮ.-5, ਅੰਗ -1353 )

ਜੋ ਮਨੁੱਖ ਗੁਰਮੰਤ੍ਰ ਤੋਂ ਵਾਂਝਾ ਹੈ, ਜਿਸ ਨੇ ਆਪਣੇ ਜੀਵਨ ਵਿੱਚ ਗੁਰੂ ਦੇ ਉਪਦੇਸ਼ ਨੂੰ ਨਹੀਂ ਮੰਨਿਆ, ਉਹ ਅਸਲ ਵਿੱਚ ਆਪਣੇ ਜੀਵਨ ਦੇ ਮੂਲ ਅਰਥ ਨੂੰ ਗੁਆ ਰਿਹਾ ਹੈ। ਐਸੇ ਮਨੁੱਖ ਦਾ ਜਨਮ ਨਿੰਦਣਯੋਗ ਹੈ, ਅਤੇ ਉਹ ਆਪਣੀ ਜੀਵਨ ਯਾਤਰਾ ਵਿੱਚ ਭਟਕਦਾ ਹੈ, ਮਾਨੋ ਉਸ ਦਾ ਜੀਵਨ ਵਿਅਰਥ ਹੋ ਗਿਆ ਹੋਵੇ। ਗੁਰੂ ਦੇ ਬਿਨਾ ਜੀਵਨ ਉਹਨਾਂ ਜੀਵਾਂ ਵਾਂਗ ਮੰਨਿਆ ਗਿਆ ਹੈ ਜੋ ਮੰਦ ਮਤਿ ਅਤੇ ਅਕਲ ਹੀਨ ਹਨ, ਜਿਵੇਂ ਕੁੱਤੇ, ਸੂਰ, ਗਧੇ ਅਤੇ ਕਾਂ। ਇਹ ਪਸ਼ੂ ਜਾਨਵਰ ਪ੍ਰਤੀਕ ਹਨ ਮੰਦੀ ਸੋਚ, ਮਲਿਨਤਾ ਅਤੇ ਅਗਿਆਨਤਾ ਦੇ। ਐਸੇ ਮਨੁੱਖ ਨੂੰ ਸੱਪ ਦੇ ਸਮਾਨ ਸਮਝਿਆ ਗਿਆ ਹੈ, ਜੋ ਕਿ ਬੁੱਝੇ ਹੋਏ ਅਸੂਲਾਂ ਤੇ ਤੁਰਦਾ ਹੈ, ਅਤੇ ਵਿਸ਼ਵਾਸ ਘਾਤੀ ਹੈ। ਇਸ ਤਰ੍ਹਾਂ, ਬਿਨਾ ਗੁਰਮੰਤ੍ਰ ਦੇ ਸਹਾਰੇ ਦੇ ਉਸ ਦਾ ਜੀਵਨ ਪਤਿਤ ਤੇ ਨਿੰਦਣਯੋਗ ਹੈ।

ਗੁਰੂ ਅਰਜਨ ਦੇਵ ਜੀ ਇਸ ਸ਼ਬਦ ਰਾਹੀਂ ਸਾਨੂੰ ਸਮਝਾ ਰਹੇ ਹਨ ਕਿ ਗੁਰੂ ਦੇ ਮੰਤ੍ਰ ਅਤੇ ਉਪਦੇਸ਼ ਬਿਨਾ ਜੀਵਨ ਵਿਅਰਥ ਅਤੇ ਬਿਨਾ ਮਕਸਦ ਵਾਲਾ ਹੈ। ਗੁਰਮਤਿ ਨੂੰ ਅਪਣਾਉਣਾ ਅਤੇ ਅਗਿਆਨਤਾ ਤੋਂ ਬਚਣਾ ਅਤਿ ਜਰੂਰੀ ਹੈ। ਜੋ ਗੁਰੂ ਦੇ ਨਾਮ ਤੋਂ ਟੁੱਟੇ ਹੋਏ ਹਨ ਉਹ ਕਈ ਜੂਨਾਂ ਵਿੱਚ ਭਟਕਦੇ ਰਹਿੰਦੇ ਹਨ ਇਸ ਤਰ੍ਹਾਂ ਉਹ ਮੁਕਤੀ ਨਹੀਂ ਪਾ ਸਕਦੇ।

ਜੋ ਜਾਨੈ ਤਿਸੁ ਸਦਾ ਸੁਖੁ ਹੋਇ ॥

ਆਪਿ ਮਿਲਾਇ ਲਏ ਪ੍ਰਭੁ ਸੋਇ ॥

ਓਹੁ ਧਨਵੰਤੁ ਕੁਲਵੰਤੁ ਪਤਿਵੰਤੁ ॥

ਜੀਵਨ ਮੁਕਤਿ ਜਿਸੁ ਰਿਦੈ ਭਗਵੰਤੁ ॥

ਧੰਨੁ ਧੰਨੁ ਧੰਨੁ ਜਨੁ ਆਇਆ ॥

ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ ॥ (ਗਉੜੀ ਸੁਖਮਨੀ ਮ.-5, ਅੰਗ-293)

ਜਿਸ ਮਨੁੱਖ ਨੂੰ ਪਰਮਾਤਮਾ ਦੀ ਸੱਚੀ ਪਹਚਾਨ ਹੋ ਜਾਂਦੀ ਹੈ, ਉਸ ਨੂੰ ਸਦਾ ਲਈ ਆਨੰਦ ਅਤੇ ਸੁਖ ਮਿਲਦਾ ਹੈ। ਪਰਮਾਤਮਾ ਆਪਣੇ ਸੱਚੇ ਪ੍ਰੇਮੀ ਨੂੰ ਆਪਣੇ ਨਾਲ ਮਿਲਾ ਲੈਂਦਾ ਹੈ। ਜਿਸ ਮਨੁੱਖ ਦੇ ਹਿਰਦੇ ਵਿੱਚ ਪਰਮਾਤਮਾ ਵੱਸਦਾ ਹੈ, ਉਹ ਸੱਚੇ ਧਨਵਾਨ, ਕੁਲਵਾਨ ਅਤੇ ਇੱਜ਼ਤਦਾਰ ਹੁੰਦਾ ਹੈ। ਉਹ ਜੀਵਨ ਵਿੱਚ ਹੀ ਮੁਕਤੀ ਨੂੰ ਪ੍ਰਾਪਤ ਕਰ ਚੁੱਕਾ ਹੁੰਦਾ ਹੈ, ਕਿਉਂਕਿ ਉਸ ਦੇ ਮਨ ਵਿੱਚ ਮੋਹ ਮਾਇਆ ਦੀ ਕੋਈ ਇਛਾ ਨਹੀਂ ਰਹਿੰਦੀ। ਇਹੋ ਜਿਹੇ ਸੰਤ ਜਨਾਂ ਦਾ ਧਰਤੀ ਤੇ ਆਉਣਾ ਕਿਰਪਾ ਦਾ ਕਾਰਨ ਬਣਦਾ ਹੈ। ਉਹਨਾਂ ਦੀ ਮਿਹਰ ਨਾਲ ਸਾਰਾ ਸੰਸਾਰ ਤਰ ਜਾਂਦਾ ਹੈ। ਸੰਤ ਦੇ ਜੀਵਨ ਵਿੱਚ ਐਸੀ ਬਰਕਤ ਹੁੰਦੀ ਹੈ ਕਿ ਉਹ ਹੋਰਾਂ ਨੂੰ ਵੀ ਇਸ ਦੁਨੀਆ ਦੇ ਦੁੱਖਾਂ ਤੋਂ ਮੁਕਤੀ ਦਿਲਾਉਣ ਵਾਲੇ ਹੁੰਦੇ ਹਨ।

ਤਨੁ ਧਨੁ ਥਾਪਿ ਕੀਓ ਸਭੁ ਅਪਨਾ ਕੋਮਲ ਬੰਧਨ ਬਾਂਧਿਆ ॥

ਗੁਰ ਪਰਸਾਦਿ ਭਏ ਜਨ ਮੁਕਤੇ ਹਰਿ ਹਰਿ ਨਾਮੁ ਅਰਾਧਿਆ ॥ (ਆਸਾ, ਮ.-5, ਅੰਗ -383)

ਗੁਰੂ ਅਰਜਨ ਦੇਵ ਜੀ ਇਨ੍ਹਾਂ ਪੰਕਤੀਆਂ ਵਿੱਚ ਕਹਿੰਦੇ ਹਨ ਕਿ ਇਸ ਸਰੀਰ ਅਤੇ ਧਨ ਨੂੰ ਉਸ ਰੱਬ ਨੇ ਹੀ ਸਿਰਜਿਆ ਹੈ। ਪਰ ਅਸਲ ਵਿੱਚ ਇਹ ਸਭ ਕੁਝ ਉਸ ਦਾ ਹੀ ਹੈ ਅਤੇ ਸਿਰਫ ਉਸ ਦਾ ਹੀ ਹੁਕਮ ਹੈ। ਉਸ ਨੇ ਸਾਨੂੰ ਇਸ ਸੰਸਾਰਿਕ ਮੋਹ ਦੇ ਮੋਹਕ ਜਾਲ ਵਿੱਚ ਬੰਨ੍ਹ ਦਿੱਤਾ ਹੈ, ਜੋ ਕਿ ਇੱਕ ਨਰਮ, ਪਰ ਅਟੱਲ ਬੰਧਨ ਵਾਂਗ ਹਨ। ਜਦੋਂ ਗੁਰੂ ਦੀ ਕਿਰਪਾ ਹੁੰਦੀ ਹੈ, ਤਾਂ ਸੇਵਕ ਇਸ ਮੋਹ ਦੇ ਬੰਧਨਾਂ ਤੋਂ ਆਜ਼ਾਦ ਹੋ ਜਾਂਦੇ ਹਨ। ਉਹ ਰੱਬ ਦੇ ਨਾਮ ਦਾ ਸਿਮਰਨ ਕਰਦੇ ਹਨ, ਜਿਸ ਕਰਕੇ ਉਹਨਾਂ ਨੂੰ ਮੋਖਸ਼ ਪ੍ਰਾਪਤ ਹੁੰਦੀ ਹੈ ਅਤੇ ਉਹ ਇਸ ਜੰਮਣ-ਮਰਣ ਦੇ ਗੇੜ ਤੋਂ ਬਚ ਜਾਂਦੇ ਹਨ।

ਸੁੰਦਰ ਮੰਦਰ ਸੈਣਹ ਜੇਣ ਮਧੁ ਹਰਿ ਕੀਰਤਨਹ ॥

ਮੁਕਤੇ ਰਮਣ ਗੋਬਿੰਦਹ ਨਾਨਕ ਲਬਧਾ ਬਡ ਭਾਗਣਹ ॥ (ਗਾਥਾ , ਮ.-5, ਅੰਗ -1360)

ਉਹਨਾਂ ਘਰਾਂ ਵਿਚ ਵੱਸਣਾ ਹੀ ਸੁਹਾਵਣਾ ਹੈ ਜਿਨ੍ਹਾਂ ਵਿਚ ਪਰਮਾਤਮਾ ਦੀ ਸਿਫ਼ਤਿ-ਸਾਲਾਹ ਹੁੰਦੀ ਹੋਵੇ । ਜੋ ਮਨੁੱਖ ਪਰਮਾਤਮਾ ਦਾ ਸਿਮਰਨ ਕਰਦੇ ਹਨ ਉਹ ਦੁਨੀਆ ਦੇ ਬੰਧਨਾਂ ਤੋਂ ਮੁਕਤ ਹੋ ਜਾਂਦੇ ਹਨ ।

ਨਗਨ ਫਿਰਤ ਜੌ ਪਾਈਐ ਜੋਗੁ ॥

ਬਨ ਕਾ ਮਿਰਗੁ ਮੁਕਤਿ ਸਭੁ ਹੋਗੁ ॥

ਕਿਆ ਨਾਗੇ ਕਿਆ ਬਾਧੇ ਚਾਮ ॥

ਜਬ ਨਹੀ ਚੀਨਸਿ ਆਤਮ ਰਾਮ ॥ (ਗਉੜੀ ਕਬੀਰ ਜੀ, ਅੰਗ-324)

ਭਗਤ ਕਬੀਰ ਜੀ ਨੇ ਵੀ ਆਪਣੀ ਬਾਣੀ ਵਿੱਚ ਦੱਸਿਆ ਹੈ ਕਿ ਜੇ ਨੰਗੇ ਘੁੰਮਣ ਨਾਲ ਜੋਗ ਆਤਮਕ ਇੱਕਤਾ ਪ੍ਰਾਪਤ ਹੁੰਦੀ, ਤਾਂ ਜੰਗਲ ਦੇ ਹਰਣ ਵਰਗੇ ਸਾਰੇ ਜਾਨਵਰ ਮੁਕਤ ਹੋ ਜਾਂਦੇ। ਕਿਉਂਕਿ ਉਹ ਸਦਾ ਨੰਗੇ ਹੀ ਰਹਿੰਦੇ ਹਨ। ਇਸ ਤਰ੍ਹਾਂ ਨਿਰਵਸਤਰ ਰਹਿਣ ਨਾਲ ਆਤਮਕ ਸਫਲਤਾ ਨਹੀਂ ਮਿਲਦੀ। ਕਬੀਰ ਜੀ ਕਹਿੰਦੇ ਹਨ ਕਿ ਸਰੀਰ ਨੂੰ ਨੰਗਾ ਰੱਖਣ ਜਾਂ ਤਕੜੀ ਨਾਲ ਬੰਨ੍ਹਣ ਨਾਲ ਕੋਈ ਫਰਕ ਨਹੀਂ ਪੈਂਦਾ। ਜਦ ਤੱਕ ਮਨੁੱਖ ਆਪਣੇ ਅੰਦਰ ਦੇ ਰੱਬ (ਆਤਮਾ ਵਿੱਚ ਰਮਿਆ ਹੋਇਆ ਪਰਮਾਤਮਾ) ਨੂੰ ਨਹੀਂ ਜਾਣਦਾ, ਤਦ ਤੱਕ ਇਹ ਸਾਰੇ ਬਾਹਰੀ ਆਚਰਣ ਵਿਅਰਥ ਹਨ। ਇਸ ਦਾ ਸਾਰ ਇਹ ਹੈ ਕਿ ਜੋਗ ਅੰਦਰੋਂ ਆਤਮਿਕ ਜਾਗਰਤੀ ਤੋਂ ਹੁੰਦਾ ਹੈ, ਨਾ ਕਿ ਬਾਹਰੀ ਰੂਪ ਤਮਾਸ਼ਿਆਂ ਜਾਂ ਨਿਰਵਸਤਰ ਰਹਿਣ ਨਾਲ।

ਜਤ ਕਤਹ ਤਤਹ ਦ੍ਰਿਸਟੰ ਸ੍ਵਰਗ ਮਰਤ ਪਯਾਲ ਲੋਕਹ ॥

ਸਰਬਤ੍ਰ ਰਮਣੰ ਗੋਬਿੰਦਹ ਨਾਨਕ ਲੇਪ ਛੇਪ ਨ ਲਿਪ੍ਯਤੇ ॥

(ਸਲੋਕ ਸਹਸਕ੍ਰਿਤੀ, ਮ.-5, ਅੰਗ -1353)

ਗੁਰੂ ਸਾਹਿਬ ਇਸ ਪੰਕਤੀਆਂ ਵਿੱਚ ਸੰਸਾਰ ਦੀ ਹਕੀਕਤ ਬਿਆਨ ਕਰਦੇ ਹਨ। ਉਹ ਕਹਿੰਦੇ ਹਨ ਕਿ ਜਿੱਥੇ-ਕਿੱਥੇ ਵੀ ਅਸੀਂ ਆਪਣੀ ਨਜ਼ਰ ਮਾਰਦੇ ਹਾਂ, ਚਾਹੇ ਸੁਰਗ ਹੋਵੇ, ਧਰਤੀ ਹੋਵੇ ਜਾਂ ਪਾਤਾਲ—ਸਭ ਥਾਵਾਂ ਤੇ ਗੋਬਿੰਦ (ਪ੍ਰਭੂ) ਹੀ ਰਮਣ ਕਰ ਰਹੇ ਹਨ। ਗੁਰੂ ਜੀ ਕਹਿੰਦੇ ਹਨ ਕਿ ਪ੍ਰਭੂ ਹਰੇਕ ਥਾਂ ਮੌਜੂਦ ਹਨ, ਉਹ ਹਰ ਕਿਰਿਆ ਵਿੱਚ ਵਿਆਪਕ ਹਨ, ਉਹ ਕਿਸੇ ਵੀ ਪਦਾਰਥ, ਕਿਰਿਆ ਜਾਂ ਸੰਸਾਰੀ ਮਲ ਨਾਲ ਲੇਪਤ ਨਹੀਂ ਹਨ। ਜਿਸ ਤਰ੍ਹਾਂ ਅਸੀਂ ਜਿੱਥੇ ਵੀ ਵੇਖਦੇ ਹਾਂ, ਸਭ ਥਾਵਾਂ ਤੇ ਪ੍ਰਭੂ ਦਾ ਹੀ ਪ੍ਰਕਾਸ਼ ਹੈ। ਉਹ ਹਰ ਥਾਂ ਮੌਜੂਦ ਹਨ ਤੇ ਸੰਸਾਰੀ ਮੈਲਾਂ ਨਾਲ ਲਿਪਤ ਨਹੀਂ ਹਨ।

ਛਲੰ ਛਿਦ੍ਰੰ ਕੋਟਿ ਬਿਘਨੰ ਅਪਰਾਧੰ ਕਿਲਬਿਖ ਮਲੰ ॥

ਭਰਮ ਮੋਹੰ ਮਾਨ ਅਪਮਾਨੰ ਮਦੰ ਮਾਯਾ ਬਿਆਪਿਤੰ ॥

ਮ੍ਰਿਤ ਜਨਮ ਭ੍ਰਮੰਤਿ ਨਰਕਹ ਅਨਿਕ ਉਪਾਵੰ ਨ ਸਿਧਾਤੇ ॥

ਨਿਰਮਲੰ ਸਾਧ ਸੰਗਹ ਜਪੰਤਿ ਨਾਨਕ ਗੋਪਾਲ ਨਾਮੰ ॥

ਰਮੰਤਿ ਗੁਣ ਗੋਬਿੰਦ ਨਿਤ ਪ੍ਰਤਹ ॥ (ਸਲੋਕ ਸਹਸਕ੍ਰਿਤੀ, ਮ.-5, ਅੰਗ -1353)

ਗੁਰੂ ਜੀ ਅਨੁਸਾਰ ਜੀਵਨ ਵਿਚ ਕਈ ਕਿਸਮ ਦੇ ਬਿਘਨਾਂ, ਪਾਪਾਂ ਅਤੇ ਮਲਾਂ ਦਾ ਅਸਰ ਹੋ ਜਾਂਦਾ ਹੈ। ਮਨੁੱਖ ਦੇ ਅੰਦਰ ਛਲ, ਠੱਗੀ ਅਤੇ ਹਜ਼ਾਰਾਂ ਵਿਕਾਰ (ਬਿਘਨ) ਵੱਸਦੇ ਹਨ, ਜੋ ਉਸ ਨੂੰ ਖੁਦ ਦੇ ਅਸਲੀ ਰੂਪ ਤੋਂ ਦੂਰ ਕਰ ਦੇਂਦੇ ਹਨ। ਮਨ ਵਿੱਚ ਭਰਮ, ਮੋਹ, ਅਹੰਕਾਰ, ਮਾਨ-ਅਪਮਾਨ, ਮੱਦ ਅਤੇ ਮਾਇਆ ਦੇ ਪ੍ਰਭਾਵ ਕਾਰਨ ਉਹ ਆਪਣੇ ਮਨ ਦੀ ਪਵਿੱਤ੍ਰਤਾ ਨੂੰ ਗੁਆ ਬੈਠਦਾ ਹੈ। ਇਸ ਤੋਂ ਬਾਅਦ, ਇਹ ਮਾਇਆ ਦੇ ਵਸ਼ ਹੋ ਕੇ ਮਨੁੱਖ ਜਨਮ-ਮਰਨ ਦੇ ਗੇੜ ਵਿਚ ਫਸ ਜਾਂਦਾ ਹੈ ਅਤੇ ਅਨੇਕ ਤਰੀਕਿਆਂ ਨਾਲ ਮੁਕਤੀ ਲੱਭਣ ਦਾ ਯਤਨ ਕਰਦਾ ਹੈ, ਪਰ ਉਸ ਨੂੰ ਕਾਮਯਾਬੀ ਨਹੀਂ ਮਿਲਦੀ। ਗੁਰੂ ਨਾਨਕ ਜੀ ਕਹਿੰਦੇ ਹਨ ਕਿ ਜੇਕਰ ਮਨੁੱਖ ਸਾਧ ਸੰਗਤ ਵਿੱਚ ਨਿਰਮਲ ਹੋ ਕੇ ਰਹੇ ਅਤੇ ਸੱਚੇ ਹਿਰਦੇ ਨਾਲ ਰੱਬ ਦਾ ਨਾਮ ਜਪੇ, ਤਾਂ ਉਹ ਮਾਇਆ ਦੇ ਬੰਧਨਾਂ ਤੋਂ ਮੁਕਤ ਹੋ ਸਕਦਾ ਹੈ। ਇਸ ਤਰ੍ਹਾਂ ਉਹ ਹਰ ਰੋਜ਼ ਸਤਿਗੁਰ ਦੇ ਗੁਣਾਂ ਦਾ ਸਿਮਰਨ ਕਰ ਕੇ ਗੋਬਿੰਦ ਨਾਲ ਰੰਗਿਆ ਰਹਿੰਦਾ ਹੈ। ਗੁਰੂ ਜੀ ਇਸ ਸ਼ਬਦ ਦੇ ਰਾਹੀਂ ਸਾਨੂੰ ਇਹ ਸਿੱਖਿਆ ਦੇ ਰਹੇ ਹਨ ਕਿ ਦੁਨੀਆ ਦੇ ਧੋਖੇ ਅਤੇ ਮਾਇਆ ਦੇ ਬੰਧਨਾਂ ਤੋਂ ਮੁਕਤੀ ਸਾਧ ਸੰਗਤ ਦੇ ਸਾਥ ਨਾਲ ਅਤੇ ਪ੍ਰਭੂ ਦੇ ਨਾਮ ਦੇ ਸਿਮਰਨ ਨਾਲ ਹੀ ਮਿਲ ਸਕਦੀ ਹੈ।

ਮੰਤ੍ਰੰ ਰਾਮ ਰਾਮ ਨਾਮੰ ਧਾਨੰ ਸਰਬਤ੍ਰ ਪੂਰਨਹ ॥
ਗਾਨੰ ਸਮ ਦੁਖ ਸੁਖੰ ਜੁਗਤਿ ਨਿਰਮਲ ਨਿਰਵੈਰਣਹ ॥
ਦਯਾਲੰ ਸਰਬਤ੍ਰ ਜੀਆ ਪੰਚ ਦੋਖ ਬਿਵਰਜਿਤਹ ॥
ਭੋਜਨੰ ਗੋਪਾਲ ਕੀਰਤਨੰ ਅਲਪ ਮਾਯਾ ਜਲ ਕਮਲ ਰਹਤਹ ॥
ਉਪਦੇਸੰ ਸਮ ਮਿਤ੍ਰ ਸਹ ਭਗਵੰਤ ਭਗਤਿ ਭਾਵਨੀ॥
ਪਰ ਨਿੰਦਾ ਨਹ ਸ੍ਰੋਤਿ ਸ੍ਰਵਣੰ ਆਪੁ ਤ੍ਰਿਗਿ ਸਗਲ ਰੇਣੁਕਹ॥
ਖਟ ਲਖਣ ਪੂਰਨ ਪੁਰਖਹ ਨਾਨਕ ਨਾਮ ਸਾਧ ਸੁਜਨਹ ॥
(ਸਲੋਕ ਸਹਸਕ੍ਰਿਤੀ, ਮ.-5, ਅੰਗ -1353)

ਇਸ ਬਾਣੀ ਵਿੱਚ ਗੁਰੂ ਸਾਹਿਬ ਜੀ ਨੇ ਇਕ ਉੱਚ ਆਦਰਸ਼ਿਕ ਜੀਵਨ ਦੀਆਂ ਗੁਣਾਂ ਦਾ ਵਰਣਨ ਕੀਤਾ ਹੈ, ਜੋ ਪ੍ਰਭੂ ਦੀ ਭਗਤੀ ਕਰਨ ਵਾਲੇ ਸਾਧ ਜਨਾਂ ਲਈ ਮਾਰਗਦਰਸ਼ਕ ਬਣਦੇ ਹਨ।ਗੁਰੂ ਜੀ ਕਹਿੰਦੇ ਹਨ ਕਿ ਸੱਚੇ ਭਗਤ ਦਾ ਮੰਤ੍ਰ 'ਰਾਮ' ਦਾ ਨਾਮ ਹੈ। ਉਸ ਦੀ ਸਾਰੀ ਧਨ-ਦੌਲਤ (ਅਸਲ ਧਨ) ਪ੍ਰਭੂ ਦਾ ਨਾਮ ਹੀ ਹੈ। ਜਗਤ ਵਿੱਚ ਹਰ ਥਾਂ ਉਸੇ ਦਾ ਨਾਮ ਵਿਆਪਕ ਹੈ, ਤੇ ਉਹ ਨਾਮ ਸਭ ਕੁਝ ਪੂਰਨ ਕਰਦਾ ਹੈ। ਉਹ ਭਗਤ ਹਰ ਸਥਿਤੀ ਵਿੱਚ ਪ੍ਰਭੂ ਦੇ ਗੁਣ ਗਾਉਂਦਾ ਹੈ—ਚਾਹੇ ਦੁੱਖ ਹੋਵੇ ਜਾਂ ਸੁਖ। ਉਸ ਦਾ ਜੀਵਨ ਨਿਰਵੈਰ ਤੇ ਨਿਰਮਲ (ਪਵਿੱਤਰ) ਹੁੰਦਾ ਹੈ; ਉਹ ਕਿਸੇ ਨਾਲ ਵੀ ਵੈਰ-ਵਿਰੋਧ ਨਹੀਂ ਰੱਖਦਾ। ਉਹ ਸਰਬ ਜੀਵਾਂ ਨਾਲ ਦਇਆ ਭਾਵ ਰੱਖਦਾ ਹੈ ਤੇ ਲਾਲਚ, ਕ੍ਰੋਧ, ਮੋਹ, ਅਹੰਕਾਰ, ਅਤੇ ਵਾਸਨਾ ਵਰਗੇ ਪੰਜੇ ਦੋਖਾਂ ਤੋਂ ਰਹਿਤ ਹੈ। ਉਸ ਦੇ ਮਨ ਵਿਚ ਸਬ ਦੇ ਪ੍ਰਤੀ ਸਨੇਹਾ ਭਾਵ ਹੁੰਦਾ ਹੈ।ਉਸ ਦਾ ਭੋਜਨ (ਅਸਲ ਆਹਾਰ) ਪ੍ਰਭੂ ਦਾ ਕੀਰਤਨ ਹੈ। ਉਹ ਸੰਸਾਰ ਵਿੱਚ ਮਾਇਆ ਵਿੱਚ ਰਹਿੰਦਾ ਹੈ ਪਰ ਉਸ ਵਿਚ ਲਿਪਤ ਨਹੀਂ ਹੁੰਦਾ—ਜਿਵੇਂ ਕਮਲ ਦਾ ਫੁੱਲ ਪਾਣੀ ਵਿੱਚ ਰਹਿੰਦਾ ਹੈ ਪਰ ਉਸ ਨਾਲ ਸਟਿਆ ਹੋਇਆ ਨਹੀਂ ਹੁੰਦਾ।ਉਹ ਸੱਜਣ ਸਭ ਨੂੰ ਸਮ ਜੀਵਨ ਦਾ ਉਪਦੇਸ਼ ਦੇਂਦਾ ਹੈ ਅਤੇ ਮਿੱਤਰਾਂ ਤੇ ਦੋਸਤਾਂ ਨਾਲ ਪ੍ਰਭੂ ਦੀ ਭਗਤੀ ਦੇ ਸੁਭਾਵ ਵਿਚ ਰਹਿੰਦਾ ਹੈ।

ਉਸ ਦੇ ਕਨ ਕਦੇ ਕਿਸੇ ਦੀ ਨਿੰਦਾ ਨਹੀਂ ਸੁਣਦੇ। ਉਹ ਆਪਣੀ ਹੌਂ ਨੂੰ ਛੱਡ ਕੇ ਸਗਲੇ ਸੰਸਾਰ ਦੇ ਪੈਰਾਂ ਦੀ ਧੂੜ ਸਮਝਦਾ ਹੈ, ਹੰਕਾਰ ਤੋਂ ਰਹਿਤ ਹੈ।ਗੁਰੂ ਜੀ ਆਖਦੇ ਹਨ ਕਿ ਐਸੇ ਪੁਰਖ ਵਿਚ ਖਟ ਲਖਣ ਪੂਰੇ ਹੁੰਦੇ ਹਨ—ਜੋ ਆਦਰਸ਼ ਪੁਰਖ ਨੂੰ ਸ਼ੋਭਾ ਦੇਂਦੇ ਹਨ। ਉਹ ਸਾਧ ਸੁਜਨ ਪ੍ਰਭੂ ਦੇ ਨਾਮ ਦੇ ਅਸਲੀ ਸੱਜਣ ਹੁੰਦੇ ਹਨ, ਤੇ ਉਹੀ ਅਸਲੀ ਰਾਹ ਦੇ ਪੈਰੋਕਾਰ ਹਨ। ਇਹ ਸ਼ਬਦ ਸਾਡੇ ਸਾਹਮਣੇ ਸੱਚੇ ਭਗਤ ਦੇ ਜੀਵਨ ਦਾ ਆਦਰਸ਼ ਪੇਸ਼ ਕਰਦਾ ਹੈ, ਜਿਸ ਵਿੱਚ ਮਨੁੱਖ ਨੂੰ ਆਪਣੇ ਜੀਵਨ ਦੀ ਪਵਿਤ੍ਰਤਾ, ਦਯਾ, ਨਿਰਵੈਰਤਾ, ਅਤੇ ਅਹੰਕਾਰ ਰਹਿਤ ਜੀਵਨ ਵੱਲ ਮੋੜਣ ਦਾ ਸੁਨੇਹਾ ਮਿਲਦਾ ਹੈ।

ਗੁਰੂ ਅਰਜਨ ਦੇਵ ਜੀ ਆਪਣੀ ਬਾਣੀ ਸਲੋਕ ਸਹਸਕ੍ਰਿਤੀ ਵਿੱਚ ਉਪਦੇਸ਼ ਦਿੰਦੇ ਹਨ ਜਿਨ੍ਹਾਂ ਦੇ ਗਲੇ ਵਿੱਚ 'ਰਾਮ' ਨਾਮ ਦੀ ਸੁੰਦਰ ਮਾਲਾ ਸੁਸ਼ੋਭਿਤ ਹੈ। ਇਹ ਮਾਲਾ ਜਪਦੇ ਹੋਏ ਮਨੁੱਖ ਆਪਣੇ ਹਿਰਦੇ ਵਿੱਚ ਭਗਵਾਨ ਦੇ ਨਾਮ ਨੂੰ ਧਾਰਨ ਕਰਦਾ ਹੈ।ਉਸ ਨੇ ਆਪਣੇ ਹੱਥਾਂ ਵਿੱਚ ਪਿਆਰ ਨਾਲ ਰਾਮ ਨਾਮ ਨੂੰ ਬਰਕਰਾਰ ਰੱਖਿਆ ਹੈ, ਅਤੇ ਉਹ ਭਗਤੀ ਭਾਵਨਾ ਨਾਲ 'ਰਾਮ' ਦਾ ਜਾਪ ਕਰਦਾ ਹੈ। ਉਸ ਦੇ ਹੱਥਾਂ ਦਾ ਹਰ ਕਾਰਜ ਭਗਵਾਨ ਦੇ ਪ੍ਰੇਮ ਨਾਲ ਭਰਪੂਰ ਹੁੰਦਾ ਹੈ। ਉਹ ਜੀਭ ਨਾਲ ਉਤਮ ਗੁਣਾਂ ਵਾਲੇ ਸਲੋਕਾਂ ਦਾ ਉਚਾਰਨ ਕਰਦਾ ਹੈ, ਜਿਸ ਵਿੱਚ ਉਹ 'ਰਾਮ' ਨਾਮ ਦੀ ਮਹਿਮਾ ਦਾ ਗਾਇਨ ਕਰਦਾ ਹੈ। ਇਹ ਸਲੋਕ ਉਸ ਦੀ ਆਤਮਿਕ

ਸ਼ਾਂਤੀ ਅਤੇ ਉੱਚ ਆਤਮਿਕ ਦਰਜੇ ਨੂੰ ਦਰਸਾਉਂਦੇ ਹਨ।ਜਿਹੜਾ ਮਨੁੱਖ ਆਪਣੇ ਨੇਤਰਾਂ ਨਾਲ ਰਾਮ ਦੇ ਰੂਪ ਨੂੰ ਨਿਹਾਰਦਾ ਹੈ, ਉਹ ਅੱਖਾਂ ਰਾਹੀਂ ਰਾਮ ਦੇ ਸਰੂਪ ਦਾ ਦਰਸ਼ਨ ਕਰਦਾ ਹੈ। ਇਸ ਤਰ੍ਹਾਂ ਉਹ ਆਤਮਿਕ ਤੌਰ 'ਉਧਾਰਣ' ਹੁੰਦਾ ਹੈ, ਮਾਨੋ ਉਸ ਦੀ ਰੱਖਿਆ ਅਤੇ ਮੋਖ ਦਾ ਰਸਤਾ ਪ੍ਰਭੂ ਦੇ ਦਰਸ਼ਨ ਨਾਲ ਹੀ ਹੋ ਜਾਂਦਾ ਹੈ।

ਕੰਠ ਰਮਣੀਯ ਰਾਮ ਰਾਮ ਮਾਲਾ, ਹਸਤ ਊਚ ਪ੍ਰੇਮ ਧਾਰਣੀ ॥

ਜੀਹ ਭਣਿਜੋ ਉਤਮ ਸਲੋਕ, ਉਧਰਣੰ ਨੈਨ ਨੰਦਨੀ ॥ (ਸਲੋਕ ਸਹਸਕ੍ਰਿਤੀ, ਮ.-5, ਅੰਗ -1353)

ਇਹ ਪੰਕਤੀਆਂ ਸੰਤ ਮਤ ਅਤੇ ਭਗਤੀ ਦੇ ਸੁੰਦਰ ਰਾਹ ਨੂੰ ਦਰਸਾਉਂਦੀਆਂ ਹਨ। ਜੋ ਮਨੁੱਖ ਰਾਮ ਨਾਮ ਨੂੰ ਮਾਲਾ ਵਾਂਗ ਹਿਰਦੇ ਵਿੱਚ ਵਸਾਉਂਦਾ ਹੈ, ਪਿਆਰ ਨਾਲ ਹਰ ਪਲ ਰਾਮ ਦਾ ਸਿਮਰਨ ਕਰਦਾ ਹੈ, ਉਹ ਆਪਣੇ ਜੀਵਨ ਨੂੰ ਮੋਖ ਦੇ ਰਾਹ ਤੇ ਲੈ ਆਉਂਦਾ ਹੈ। ਸਿਰਫ ਮਾਲਾ ਧਾਰਨ ਕਰਨਾ ਦਿਖਾਵਾ ਹੈ ਹੱਥਾਂ ਵਿੱਚ ਹਰ ਵੇਲਾ ਮਾਲਾ ਫੜੀ ਰੱਖਣ ਜਾਂ ਫਿਰ ਗਲ ਵਿੱਚ ਪਾਈ ਰੱਖਣ ਜਾਂ ਬਾਹਾਂ ਨਾਲ ਮਾਲਾ ਬੰਨੀ ਰੱਖਣੀ ਇਹ ਕੋਈ ਪ੍ਰੇਮ ਦੀ ਨਿਸ਼ਾਨੀ ਨਹੀਂ ਸਿਰਫ ਦਿਖਾਵਾ ਹੈ ਗੁਰਮਤਿ ਦਾ ਸਿਧਾਂਤ ਹੈ ਕਿ ਆਪਣੀ ਪਾਵਨ ਰਸਨਾ ਨਾਲ ਪਰਮਾਤਮਾ ਦੇ ਸੁੰਦਰ ਸ਼ਬਦ ਉਚਾਰਨ ਕਰਨੇ, ਨਾਮ ਸਿਮਰਨ ਕਰਨਾ ਹੀ ਸੁਖਦਾਇਕ ਸਿਮਰਨ ਹੈ ਮਾਲਾ ਨੂੰ ਹੱਥ ਵਿੱਚ ਫੜਨ ਦੀ ਬਜਾਏ ਹਿਰਦੇ ਵਿੱਚ ਨਾਮ ਸਿਮਰਨ ਕਰਨ ਦੀ ਜਰੂਰਤ ਹੈ ਅਜੋਕੇ ਸਮੇਂ ਵਿੱਚ ਮਾਲਾ ਇੱਕ ਪ੍ਰਕਾਰ ਦਾ ਹਾਰ ਸ਼ਿੰਗਾਰ ਬਣ ਗਈ ਹੈ। ਗੁਰਬਾਣੀ ਵਿੱਚ ਕਬੀਰ ਜੀ ਨੇ ਵੀ ਇਹ ਦੀਖਾਵੇ ਦੀ ਮਾਲਾ ਨੂੰ ਤਿਆਗ ਕੇ ਅਸਲੀ ਨਾਮ ਨੂੰ ਧਾਰਨ ਦਾ ਉਪਦੇਸ਼ ਦਿੱਤਾ ਹੈ-

ਕਬੀਰ ਜਪਨੀ ਕਾਠ ਕੀ, ਕਿਆ ਦਿਖਲਾਵਹਿ ਲੋਇ॥

ਹਿਰਦੈ ਰਾਮੁ ਨ ਚੇਤਹੀ, ਇਹ ਜਪਨੀ ਕਿਆ ਹੋਇ॥ (ਸਲੋਕ ,ਭਗਤ ਕਬੀਰ ਜੀ, ਅੰਗ- 1364)

**ਸਿੱਟਾ** -

ਸੁਖਮਨੀ ਸਾਹਿਬ ਦੀ ਸਾਰੀ ਬਾ ਣੀ ਵਿੱਚ ਗੁਰਦੇਵ ਸਾਨੂੰ ਆਪਣਾ ਹੰਕਾਰ ਛੱਡ ਕੇ ਪਰਮਾਤਮਾ ਦਾ ਓਟ ਆਸਰਾ ਲੈਣ ਲਈ ਪ੍ਰੇਰ ਰਹੇ ਹਨ ਅਤੇ ਅੱਗੇ ਫਰਮਾਉਂਦੇ ਹਨ ਕਿ ਜਿਸ ਪਰਮਾਤਮਾ ਦੀ ਕਿਰਪਾ ਨਾਲ ਸਾਨੂੰ ਹਰ ਤਰਹਾਂ ਦੇ ਸੁੱਖ, ਧਨ ਪਦਾਰਥ, ਨਿਰੋਗ ਦੇਹੀ, ਚੰਗਾ ਪਰਿਵਾਰ ਅਤੇ ਐਸ਼ ਵਰਿਆ ਦੇ ਹਰ ਸਾਧਨ ਹਾਥੀ ਘੋੜਿਆਂ ਦੀ ਸਵਾਰੀ, ਸੁੰਦਰ ਵਸਤਰ ਆਦੀ ਮਿਲਦੇ ਹਨ ਅਤੇ ਜਿਸ ਦੀ ਕਿਰਪਾ ਨਾਲ ਤੇਰੇ ਲੱ ਖਾਂ ਔਗੁਣ ਢੱਕੇ ਜਾਂਦੇ ਹਨ ਉਸ ਪਰਮਾਤਮਾ ਨੂੰ ਸਵਾਸ ਸਵਾਸ ਸਿਮਰਨਾ ਚਾਹੀਦਾ ਹੈ। ਸਤਿਗੁਰੂ ਜੀ ਇਨ੍ਹਾਂ ਬਾਣੀਆਂ ਵਿੱਚ ਪਰ ਮਾਤਮਾ ਨੂੰ ਮਾਤਾ ਪਿਤਾ ਕਹਿ ਕੇ ਸੰਬੋਧਨ ਕਰਦੇ ਹਨ ਅਤੇ ਬੇਨਤੀ ਕਰਦੇ ਹਨ ਕਿ ਹੇ ਪ੍ਰਭੂ ਅਸੀਂ ਤੇਰੇ ਬੱਚੇ ਹਾਂ ਤੁਹਾਡੀ ਕਿਰਪਾ ਵਿੱਚ ਬਹੁਤ ਸੁੱਖ ਹਨ। ਤੁਹਾਡਾ ਅੰਤ ਕੋਈ ਨਹੀਂ ਜਾਣਦਾ ਸੰਸਾਰ ਦੀ ਸਾਰੀ ਸਮਗਰੀ ਤੁਹਾਡੀ ਆਗਿਆ ਵਿੱਚ ਖੜੀ ਹੈ ਤੇ ਸੰਸਾ ਰ ਵਿੱਚ ਜੋ ਕੁਝ ਵੀ ਹੋ ਰਿਹਾ ਹੈ ਆਪ ਜੀ ਦੀ ਆਗਿਆ ਵਿੱਚ ਹੀ ਹੋ ਰਿਹਾ ਹੈ ਇਸ ਅਨੋਖੀ ਲੀਲਾ ਨੂੰ ਤੁਸੀਂ ਆਪ ਹੀ ਜਾਣਦੇ ਹੋ।

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਪਰ ਮਾਤਮਾ ਦੇ ਸਰੂਪ ਨੂੰ ਜਿਸਨੇ ਹਿਰਦੇ ਵਿੱਚ ਨਿਸ਼ਚੇ ਕਰਕੇ ਧਾਰ ਲਿਆ ਹੈ ਉਸ ਦੇ ਹਿਰਦੇ ਵਿੱਚ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ। ਜਿਸ ਨਾਲ ਜਨਮ ਮਰਨ ਦਾ ਚੱਕਰ ਖਤਮ ਹੋ ਜਾਂਦਾ ਹੈ ਇਸ ਅਵਸਥਾ ਵਿੱਚ ਪਹੁੰਚ ਕੇ ਮਨੁੱਖ ਪਰਮਾਤਮਾ ਵਿੱਚ ਲੀਨ ਹੋ ਜਾਂਦਾ ਹੈ ।

ਸਾਰੇ ਵਿਚਾਰਧਾਰਾ ਤੋਂ ਬਾਅਦ ਸੰਖੇਪ ਸ਼ਬਦਾਂ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਸਤਿਗੁਰੂ ਜੀ ਦਾ ਇਹਨਾਂ ਬਾਣੀਆਂ ਨੂੰ ਰਚਨ ਦਾ ਉਦੇਸ਼ ਸਾਡੇ ਮਨ ਵਿੱਚ ਪਰਮਾਤਮਾ ਦੀ ਹੋਂਦ ਦਾ ਵਿਸ਼ਵਾਸ ਕਰਾ ਕੇ ਸਾਨੂੰ ਪਰਮਾਤਮਾ ਦਾ ਨਾਮ ਜਪਣ ਦੀ ਪ੍ਰੇਰਨਾ ਦੇਣਾ ਹੈ। ਬਾਣੀ ਅਨੁਸਾਰ ਉਹ ਮਨੁੱਖ ਜੀਵਨ ਮੁਕਤ ਹਨ ਜਿਨਾਂ ਦੇ ਹਿਰਦੇ ਵਿੱਚ ਪਰਮਾਤਮਾ ਦੀ ਯਾਦ ਵਸਦੀ ਹੈ ਉਹ ਮਨੁੱਖ ਧਨ ਹਨ ਅਤੇ ਉਹਨਾਂ ਦਾ ਇਸ ਧਰਤੀ ਤੇ ਆਉਣਾ ਸਫਲ ਹੈ। ਇਹਨਾਂ ਦੀ ਕਿਰਪਾ ਨਾਲ ਬਾਕੀ ਸੰਸਾਰ ਵੀ ਤਰ ਜਾਂਦਾ ਹੈ ਗੁਰਦੇਵ ਅਜਿਹੇ ਮਨੁੱਖਾਂ ਨੂੰ ਵਡਿਆਉਂਦੇ ਹੋਏ ਫਰਮਾਉਂਦੇ ਹਨ-

ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥

ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ ॥ (ਗਉੜੀ ਸੁਖਮਨੀ ਮ.-5, ਅੰਗ-293)

ਧੰਨਵਾਦ।

## ਹਵਾਲੇ

ਡਾ. ਰਤਨ ਸਿੰਘ ਜੱਗੀ, (1998). ਪੰਜਾਬੀ ਸਾਹਿੱਤ ਦਾ ਸਰੋਤ ਮੂਲਕ ਇਤਿਹਾਸ ਭਾਗ ਦੂਜਾ (ਪੂਰਵ ਮੱਧ ਕਾਲ), ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ ਪਟਿਆਲਾ

ਪ੍ਰੋਫੈਸਰ ਪਿਆਰਾ ਸਿੰਘ ਪਦਮ, ਸੁਖਮਨੀ ਦਰਸ਼ਨ. ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ ਪਟਿਆਲਾ

ਜਗਬੀਰ ਸਿੰਘ, (2004), ਗੁਰਮਤਿ ਕਾਵਿ ਦਾ ਇਤਿਹਾਸ. ਪੰਜਾਬੀ ਅਕਾਦਮੀ, ਦਿੱਲੀ

ਸੁਖਮਨੀ ਸਾਹਿਬ ਸਟੀਕ,ਸਿੱਖ ਮਿਸ਼ਨਰੀ ਕਾਲਜ (ਰਜਿ.) ਲੁਧਿਆਣਾ

ਗਿਆਨੀ ਹਰਿਬੰਸ ਸਿੰਘ, (1997), ਸਲੋਕ ਸਹਸਕ੍ਰਿਤੀ ਤੇ ਗਾਥਾ ਸਟੀਕ (ਤੁਲਨਾਤਮਿਕ ਅਧਿਐਨ). ਗੁਰਬਾਣੀ ਸੇਵਾ ਪ੍ਰਕਾਸ਼ਨ, ਡੋਗਰਾ ਸਟਰੀਟ, ਪਟਿਆਲਾ

ਭਾਈ ਜੋਗਿੰਦਰ ਸਿੰਘ ਤਲਵਾੜਾ,(2015), ਸਲੋਕ ਸਹਸਕ੍ਰਿਤੀ ਤੇ ਗਾਥਾ ਸਟੀਕ . ਸਿੰਘ ਬ੍ਰਦਰਜ਼, ਅੰਮ੍ਰਿaਤਸਰ

ਡਾ. ਸਾਹਿਬ ਸਿੰਘ ਡੀ.ਲੀਟ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ(ਪੋਥੀ ਦੱਸਵੀਂ), ਰਾਜ ਪਬਲਿਸ਼ਰਜ਼ ਜਲੰਧਰ